23-SEP-PAGE-1.qxd 9/22/2023 9:30 PM Page 1

ਸ਼ਨੀਵਾਰ, 23 ਸਤੰਬਰ, 2023
7 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 113

ਨਵਾਂ ਜ਼ਮਾਨਾ

DAILY NAWAN ZAMANA • SATURDAY, 23 SEPTEMBER, 2023
ਜਲੰਧਰ
nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

ਅੰਮ੍ਰਿਤਕਾਲ ਨਹੀਂ, ਵਿਸ਼ਕਾਲ

ਭਾਜਪਾ ਸਾਂਸਦ ਨੇ ਬਸਪਾ ਸਾਂਸਦ ਨੂੰ ਲੋਕ ਸਭਾ 'ਚ ਗਾਲਾਂ ਕੱਢੀਆਂ, ਦੋ ਸਾਬਕਾ ਮੰਤਰੀ ਪਿੱਛੇ ਬੈਠੇ ਹੱਸਦੇ ਰਹੇ

ਨਵੀਂ ਦਿੱਲੀ : ਲੋਕ ਸਭਾ ਵਿਚ ਵੀਰਵਾਰ ਨੂੰ ਚੰਦਰਯਾਨ ਦੀ ਸਫਲਤਾ 'ਤੇ ਚਰਚਾ ਹੋ ਰਹੀ ਸੀ। ਅਮਰੋਹਾ ਤੋਂ ਬਸਪਾ ਸਾਂਸਦ ਕੁੰਵਰ ਦਾਨਿਸ਼ ਅਲੀ ਨੇ ਦੱਖਣੀ ਦਿੱਲੀ ਦੇ ਭਾਜਪਾ ਸਾਂਸਦ ਰਮੇਸ਼ ਵਿਧੂੜੀ ਦੀ ਗੱਲ ਨਾਲ ਅਸਹਿਮਤੀ ਪ੍ਰਗਟਾਈ ਤਾਂ ਵਿਧੂੜੀ ਆਪਾ ਗੁਆ ਬੈਠੇ ਤੇ ਅਲੀ ਨੂੰ ਗਾਲਾਂ ਕੱਢ ਦਿੱਤੀਆਂ। ਜਦੋਂ ਵਿਧੂੜੀ ਗਾਲਾਂ ਕੱਢ ਰਹੇ ਸੀ ਉਦੋਂ ਸਪੀਕਰ ਦੀ ਕੁਰਸੀ 'ਤੇ ਕੋਡੀਕੁੰਨੀਲ ਸੁਰੇਸ਼ ਬੈਠੇ ਸਨ। ਉਨ੍ਹਾ ਵਿਧੂੜੀ ਨੂੰ ਬੈਠਣ ਲਈ ਕਿਹਾ, ਪਰ ਉਹ ਚੁੱਪ ਨਹੀਂ ਹੋਏ। ਵਿਧੂੜੀ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਸੁਰੇਸ਼ ਨੇ ਵਿਧੂੜੀ ਨੂੰ ਚਿਤਾਵਨੀ ਦਿੱਤੀ ਕਿ ਦੁਬਾਰਾ ਇੰਜ ਕੀਤਾ ਤਾਂ ਕਰੜੀ ਕਾਰਵਾਈ ਹੋਵੇਗੀ। ਵਿਧੂੜੀ ਦੇ ਸ਼ਬਦ ਸਦਨ ਦੀ ਕਾਰਵਾਈ ਵਿੱਚੋਂ ਕੱਢ ਦਿੱਤੇ ਗਏ। ਵਿਧੂੜੀ ਦੀਆਂ ਟਿੱਪਣੀਆਂ 'ਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀ ਅਫਸੋਸ ਜਤਾਇਆ। ਕਾਂਗਰਸ ਨੇ ਵਿਧੂੜੀ ਦੀ ਮੈਂਬਰੀ ਖਤਮ ਕਰਨ ਦੀ ਮੰਗ ਕੀਤੀ ਹੈ।

ਵਿਧੂੜੀ ਦੇ ਬੋਲਣ ਵੇਲੇ ਉਨ੍ਹਾ ਦੇ ਪਿੱਛੇ ਬੈਠੇ ਭਾਜਪਾ ਸਾਂਸਦ ਤੇ ਸਾਬਕਾ ਮੰਤਰੀ ਰਵੀਸ਼ੰਕਰ ਪ੍ਰਸਾਦ ਤੇ ਹਰਸ਼ਵਰਧਨ ਹੱਸਦੇ ਨਜ਼ਰ ਆਏ। ਜਦੋਂ ਸੋਸ਼ਲ ਮੀਡੀਆ 'ਤੇ ਲੋਕਾਂ ਨੇ ਉਨ੍ਹਾਂ ਖਿਲਾਫ ਲਿਖਿਆ ਤਾਂ ਉਨ੍ਹਾਂ ਸਫਾਈ ਦਿੱਤੀ ਕਿ ਉਹ ਦੁਖੀ ਤੇ ਅਪਮਾਨਤ ਮਹਿਸੂਸ ਕਰ ਰਹੇ ਹਨ। ਕੁਝ ਲੋਕਾਂ ਨੇ ਉਨ੍ਹਾਂ ਦਾ ਨਾਂਅ ਘਸੀਟਿਆ ਹੈ। ਉਨ੍ਹਾ ਇਹ ਵੀ ਕਿਹਾ ਕਿ ਸਦਨ ਵਿਚ ਜੋ ਹੋਇਆ, ਉਸ ਨੂੰ ਉਹ ਸਾਫ-ਸਾਫ ਸੁਣ ਨਹੀਂ ਸਕੇ।

ਰਾਜਦ ਆਗੂ ਲਾਲੂ ਪ੍ਰਸਾਦ ਯਾਦਵ ਨੇ ਕਿਹਾ-ਪ੍ਰਧਾਨ ਮੰਤਰੀ ਨੇ ਦੇਸ਼ ਦੀਆਂ ਅਮੀਰ ਸੰਸਦੀ ਰਵਾਇਤਾਂ ਵਿਰੁੱਧ ਅਜਿਹੀ ਘਟੀਆ ਸਮਾਜੀ ਸਿਆਸੀ ਸੰਸਕ੍ਰਿਤੀ ਨੂੰ ਜਨਮ ਦਿੱਤਾ ਹੈ, ਜਿਸ ਵਿਚ ਇਨ੍ਹਾਂ ਦੀ ਇਕ ਸਾਂਸਦ ਰਾਸ਼ਟਰਪਿਤਾ ਮਹਾਤਮਾ ਗਾਂਧੀ

● ਬਾਕੀ ਸਫ਼ਾ 2 'ਤੇ

ਦਾਨਿਸ਼ ਅਲੀ ਦਾ ਮੋਦੀ ਨੂੰ ਸਵਾਲ

-ਸ਼ੁੱਕਰਵਾਰ ਦਾਨਿਸ਼ ਅਲੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਪੁੱਛਿਆ ਕਿ ਜਦ ਇੱਕ ਮੁਸਲਮਾਨ ਸਾਂਸਦ ਦੇ ਨਾਲ ਭਾਜਪਾ ਸਾਂਸਦ ਇਸ ਤਰ੍ਹਾਂ ਦਾ ਵਿਹਾਰ ਕਰ ਰਹੇ ਹਨ ਤਾਂ ਤੁਹਾਡਾ ਕਾਡਰ ਆਮ ਮੁਸਲਮਾਨਾਂ ਦੇ ਨਾਲ ਕੀ ਕਰਦਾ ਹੋਵੇਗਾ? ਦਾਨਿਸ਼ ਅਲੀ ਨੇ ਟਵਿਟਰ 'ਤੇ ਭਾਜਪਾ ਸਾਂਸਦ ਰਮੇਸ਼ ਵਿਧੂੜੀ ਦਾ ਵੀਡੀਓ ਪੋਸਟ ਕਰਦੇ ਹੋਏ ਲਿਖਿਆ-ਕੀ ਆਰ ਐੱਸ ਐੱਸ ਦੀਆਂ ਸ਼ਾਖਾਵਾਂ ਅਤੇ ਮੋਦੀ ਦੀ ਪ੍ਰਯੋਗਸ਼ਾਲਾ 'ਚ ਇਹੀ ਸਿਖਾਇਆ ਜਾਂਦਾ ਹੈ? ਤੁਹਾਡਾ ਕਾਡਰ ਜਦ ਇੱਕ ਚੁਣੇ ਹੋਏ ਸਾਂਸਦ ਨੂੰ ਭਰੀ ਸੰਸਦ 'ਚ ਅੱਤਵਾਦੀ, ਮੁੱਲੇ... ਵਰਗੇ ਸ਼ਬਦਾਂ ਨਾਲ ਬੇਇਜ਼ਤ ਕਰਨ 'ਚ ਕੋਈ ਕਸਰ ਨਹੀਂ ਛੱਡ ਰਿਹਾ ਤਾਂ ਆਮ ਮੁਸਲਮਾਨਾਂ ਦੇ ਨਾਲ ਕੀ ਕਰਦਾ ਹੋਵੇਗਾ? ਇਹ ਸੋਚ ਕੇ ਵੀ ਰੂਹ ਕੰਬ ਜਾਂਦੀ ਹੈ। ਬਸਪਾ ਸਾਂਸਦ ਨੇ ਇਸ ਨੂੰ ਲੈ ਕੇ ਸਪੀਕਰ ਨੂੰ ਵੀ ਚਿੱਠੀ ਲਿਖੀ ਅਤੇ ਭਾਜਪਾ ਸਾਂਸਦ ਖਿਲਾਫ਼ ਵਿਸ਼ੇਸ਼ ਅਧਿਕਾਰ ਹਨਨ ਦਾ ਨੋਟਿਸ ਦੇਣ ਦੀ ਮੰਗ ਕੀਤੀ।

ਉਥੇ ਹੀ ਬਸਪਾ ਪ੍ਰਮੁੱਖ ਮਾਇਆਵਤੀ ਨੇ ਭਾਜਪਾ ਸਾਂਸਦ ਰਮੇਸ਼ ਵਿਧੂੜੀ ਖਿਲਾਫ਼ ਕਾਰਵਾਈ ਦੀ ਮੰਗ ਕਰਦਿਆਂ ਕਿਹਾ ਕਿ ਦਾਨਿਸ਼ ਅਲੀ ਖਿਲਾਫ ਇਤਰਾਜ਼ਯੋਗ ਟਿੱਪਣੀ ਨੂੰ ਹਾਲਾਂਕਿ ਸਪੀਕਰ ਨੇ ਰਿਕਾਰਡ ਤੋਂ ਹਟਾ ਕੇ ਉਨ੍ਹਾ ਨੂੰ ਚੇਤਾਵਨੀ ਵੀ ਦਿੱਤੀ ਹੈ ਅਤੇ ਸੀਨੀਅਰ ਮੰਤਰੀ ਨੇ ਸਦਨ 'ਚ ਮਾਫ਼ੀ ਮੰਗੀ, ਪਰ ਪਾਰਟੀ ਵੱਲੋਂ ਉਨ੍ਹਾ ਵਿਰੁੱਧ ਹਾਲੇ ਤੱਕ ਕੋਈ ਕਾਰਵਾਈ ਨਾ ਕਰਨਾ ਦੁਖਦਾਈ ਹੈ।

ਰਾਜਪਾਲ ਨੇ ਕੇਂਦਰ ਤੋਂ ਫੰਡ ਕਢਵਾਉਣ ਦੀ ਥਾਂ ਖਰਚਿਆਂ ਦੇ ਵੇਰਵੇ ਮੰਗ ਲਏ

ਚੰਡੀਗੜ੍ਹ : ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਉਸ ਪੱਤਰ ਦਾ ਜਵਾਬ ਦੇ ਦਿੱਤਾ ਹੈ, ਜਿਸ ਵਿਚ ਉਨ੍ਹਾ ਰਾਜਪਾਲ ਨੂੰ ਕਿਹਾ ਸੀ ਕਿ ਉਹ ਕੇਂਦਰ ਤੋਂ ਰੂਰਲ ਡਿਵੈੱਲਪਮੈਂਟ ਫੰਡ ਦਿਵਾਉਣ ਤੇ ਮਾਰਕਿਟ ਡਿਵੈੱਲਪਮੈਂਟ ਫੰਡ ਵਿਚ ਇਕ ਫੀਸਦੀ ਦੀ ਕਟੌਤੀ ਖਤਮ ਕਰਾਉਣ। ਰਾਜਪਾਲ ਨੇ ਕਿਹਾ ਹੈ-ਪਹਿਲੀ ਗੱਲ ਤਾਂ ਮੈਂ ਇਹ ਸਾਫ ਕਰ ਦੇਵਾਂ ਕਿ ਮੈਂ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ ਦਾ ਪਾਬੰਦ ਹਾਂ। ਮੈਨੂੰ ਮੀਡੀਆ ਰਿਪੋਰਟਾਂ ਤੋਂ ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਇਹ ਮਾਮਲਾ ਮੇਰੇ ਧਿਆਨ ਵਿਚ ਲਿਆਉਣ ਤੋਂ ਪਹਿਲਾਂ ਸੁਪਰੀਮ ਕੋਰਟ ਵਿਚ ਰੱਖ ਚੁੱਕੀ ਹੈ। ਮਾਮਲਾ ਅਦਾਲਤੀ ਬਣ ਗਿਆ ਹੈ ਤੇ ਹੁਣ ਕੁਝ ਕਰਨ ਤੋਂ ਪਹਿਲਾਂ ਸੁਪਰੀਮ ਕੋਰਟ ਦਾ ਫੈਸਲਾ ਉਡੀਕਣਾ ਪੈਣਾ। ਰਾਜਪਾਲ ਨੇ ਇਹ ਵੀ ਕਿਹਾ ਹੈ ਕਿ 'ਆਪ' ਸਰਕਾਰ ਦੌਰਾਨ ਸੂਬੇ 'ਤੇ ਕਰਜ਼ਾ 50 ਹਜ਼ਾਰ ਕਰੋੜ ਰੁਪਏ ਹੋਰ ਵਧ ਗਿਆ ਹੈ। ਸਰਕਾਰ ਉਨ੍ਹਾ ਨੂੰ ਪੈਸੇ ਦੀ ਵਰਤੋਂ ਦੇ ਵੇਰਵੇ ਦੇਵੇ ਤਾਂ ਹੀ ਮੈਂ ਪ੍ਰਧਾਨ ਮੰਤਰੀ ਨੂੰ ਕਾਇਲ ਕਰ ਸਕਾਂਗਾ ਕਿ ਪੈਸੇ ਯੋਗ ਢੰਗ ਨਾਲ ਖਰਚੇ ਗਏ ਹਨ।

ਜਨਤਾ ਦਲ (ਸੈਕੂਲਰ) ਭਾਜਪਾ ਦਾ ਆੜੀ ਬਣਿਆ

ਨਵੀਂ ਦਿੱਲੀ : ਜਨਤਾ ਦਲ (ਸੈਕੂਲਰ) ਸ਼ੁੱਕਰਵਾਰ ਕੌਮੀ ਜਮਹੂਰੀ ਗਠਜੋੜ (ਐੱਨ ਡੀ ਏ) ਵਿਚ ਸ਼ਾਮਲ ਹੋ ਗਿਆ। ਭਾਜਪਾ ਪ੍ਰਧਾਨ ਜੇ ਪੀ ਨੱਢਾ ਨੇ ਇਹ ਐਲਾਨ ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਐੱਚ ਡੀ ਕੁਮਾਰਸਵਾਮੀ ਦੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਉਨ੍ਹਾ ਨਾਲ ਮੁਲਾਕਾਤ ਤੋਂ ਬਾਅਦ ਕੀਤਾ।

ਜਾਤੀ ਅਧਾਰਤ ਜਨਗਣਨਾ ਤੋਂ ਧਿਆਨ ਹਟਾਇਆ : ਰਾਹੁਲ

ਨਵੀਂ ਦਿੱਲੀ : ਰਾਹੁਲ ਗਾਂਧੀ ਨੇ ਸ਼ੁੱਕਰਵਾਰ ਦੋਸ਼ ਲਗਾਇਆ ਕਿ ਜਾਤੀ ਆਧਾਰਤ ਜਨਗਣਨਾ ਤੋਂ ਧਿਆਨ ਹਟਾਉਣ ਲਈ ਮਹਿਲਾ ਰਾਖਵਾਂਕਰਨ ਬਿੱਲ ਨੂੰ ਮੌਜੂਦਾ ਰੂਪ ਵਿਚ ਪਾਸ ਕੀਤਾ ਗਿਆ, ਜਿਸ ਨੂੰ ਤੁਰੰਤ ਲਾਗੂ ਨਹੀਂ ਕੀਤਾ ਜਾ ਸਕਦਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾ ਕਿਹਾ ਕਿ ਸਰਕਾਰ ਨੂੰ ਤੁਰੰਤ ਮਹਿਲਾ ਰਾਖਵਾਂਕਰਨ ਬਿੱਲ ਲਾਗੂ ਕਰਨਾ ਚਾਹੀਦਾ ਹੈ। ਇਸ ਨੂੰ ਜਨਗਣਨਾ ਤੇ ਹਲਕਾਬੰਦੀ ਮੁਕੰਮਲ ਹੋਣ ਤੱਕ ਕਿਉਂ ਟਾਲਿਆ ਗਿਆ ਹੈ। ਉਨ੍ਹਾ ਇਹ ਵੀ ਅਪੀਲ ਕੀਤੀ ਕਿ ਸਰਕਾਰ ਨੂੰ ਜਾਤੀ ਆਧਾਰਤ ਜਨਗਣਨਾ ਕਰਨੀ ਚਾਹੀਦੀ ਹੈ ਅਤੇ ਪਿਛਲੀ ਯੂ ਪੀ ਏ ਸਰਕਾਰ ਦੌਰਾਨ ਕਰਵਾਈ ਜਾਤੀ ਜਨਗਣਨਾ ਦੇ ਅੰਕੜੇ ਜਾਰੀ ਕੀਤੇ ਜਾਣੇ ਚਾਹੀਦੇ ਹਨ।

ਉਨ੍ਹਾ ਕਿਹਾ-ਮਹਿਲਾ ਰਾਖਵਾਂਕਰਨ ਚੰਗਾ ਕਦਮ ਹੈ, ਪਰ ਇਸ ਵਿਚ ਦੋ ਸ਼ਰਤਾਂ ਲਾਈਆਂ ਗਈਆਂ ਹਨ। ਇਸਨੂੰ ਲਾਗੂ ਕਰਨ ਤੋਂ ਪਹਿਲਾਂ ਜਨਗਣਨਾ ਤੇ ਹਲਕਾਬੰਦੀ ਕਰਾਉਣੀ ਪਵੇਗੀ। ਇਸ ਨੂੰ ਬਹੁਤ ਸਾਲ ਲੱਗਣਗੇ। ਭਾਜਪਾ ਇਹ ਸ਼ਰਤਾਂ ਹਟਾ ਕੇ ਰਾਖਵਾਂਕਰਨ ਤੁਰੰਤ ਲਾਗੂ ਕਰੇ। ਰਾਖਵਾਂਕਰਨ 10 ਸਾਲ ਬਾਅਦ ਲਾਗੂ ਹੋਵੇਗਾ, ਇਸ ਵੇਲੇ ਇਸਦੀ ਗਰੰਟੀ ਨਹੀਂ ਦਿੱਤੀ ਜਾ ਸਕਦੀ। ਮੋਦੀ ਓ ਬੀ ਸੀ ਬਾਰੇ ਗੱਲਾਂ ਕਰਦੇ ਹਨ, ਪਰ ਓ ਬੀ ਸੀ ਨੂੰ ਮਹਿਲਾ ਰਾਖਵਾਂਕਰਨ ਵਿਚ ਸ਼ਾਮਲ ਨਹੀਂ ਕੀਤਾ। ਕਾਂਗਰਸ ਸੱਤਾ ਵਿਚ ਆਉਣ ਤੋਂ ਬਾਅਦ ਜਾਤੀ ਜਨਗਣਨਾ ਕਰਾਏਗੀ। ਉਦੋਂ ਪਤਾ ਲੱਗੇਗਾ ਕਿ ਦੇਸ਼ ਵਿਚ ਕਿੰਨੇ ਓ ਬੀ ਸੀ, ਦਲਿਤ ਤੇ ਆਦੀਵਾਸੀ ਹਨ।

ਲਾਲੂ-ਤੇਜਸਵੀ ਦੀ 4 ਅਕਤੂਬਰ ਨੂੰ ਦਿੱਲੀ ਕੋਰਟ 'ਚ ਪੇਸ਼ੀ

ਨਵੀਂ ਦਿੱਲੀ : ਜ਼ਮੀਨ ਬਦਲੇ ਰੇਲਵੇ 'ਚ ਨੌਕਰੀ ਦੇਣ ਦੇ ਮਾਮਲੇ 'ਚ ਲਾਲੂ ਪਰਵਾਰ ਦੀਆਂ ਮੁਸ਼ਕਲਾਂ ਵਧਣ ਵਾਲੀਆਂ ਹਨ। ਦਿੱਲੀ ਦੀ ਰਾਊਜ ਐਵੀਨਿਊ ਕੋਰਟ ਨੇ ਆਰ ਜੇ ਡੀ ਸੁਪਰੀਮੋ ਲਾਲੂ ਪ੍ਰਸਾਦ ਯਾਦਵ, ਉਨ੍ਹਾ ਦੀ ਪਤਨੀ ਅਤੇ ਸਾਬਕਾ ਮੁੱਖ ਮੰਤਰੀ ਰਾਬੜੀ ਦੇਵੀ, ਬਿਹਾਰ ਦੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਸਮੇਤ ਹੋਰ ਮੁਲਜ਼ਮਾਂ ਨੂੰ ਸੰਮਨ ਕੀਤਾ ਹੈ। ਅਦਾਲਤ ਨੇ ਸਾਰੇ 17 ਮੁਲਜ਼ਮਾਂ ਨੂੰ ਅਗਲੀ ਤਰੀਕ 'ਚ ਕੋਰਟ ਵਿੱਚ ਹਾਜ਼ਰ ਹੋਣ ਦਾ ਆਦੇਸ਼ ਦਿੱਤਾ ਹੈ। ਸੀ ਬੀ ਆਈ ਦੀ ਚਾਰਜਸ਼ੀਟ 'ਤੇ ਸੁਣਵਾਈ ਕਰਦੇ ਹੋਏ ਸ਼ੁੱਕਰਵਾਰ ਨੂੰ ਕੋਰਟ ਨੇ ਲਾਲੂ ਤੇਜਸਵੀ ਅਤੇ ਹੋਰਾਂ ਨੂੰ 4 ਅਕਤੂਬਰ ਨੂੰ ਪੇਸ਼ ਹੋਣ ਲਈ ਕਿਹਾ।

ਕੇਂਦਰੀ ਜਾਂਚ ਏਜੰਸੀ ਸੀ ਬੀ ਆਈ ਰੇਲਵੇ 'ਚ ਕਥਿਤ ਘੋਟਾਲੇ ਦੀ ਜਾਂਚ ਕਰ ਰਹੀ ਹੈ। ਏਜੰਸੀ ਨੇ ਬੀਤੀ 3 ਜੁਲਾਈ ਨੂੰ ਇਸ ਕੇਸ 'ਚ ਸਪਲੀਮੈਂਟਰੀ ਚਾਰਜਸ਼ੀਟ ਦਾਖ਼ਲ ਕੀਤੀ ਸੀ, ਜਿਸ 'ਚ ਤੇਜਸਵੀ ਯਾਦਵ ਨੂੰ ਵੀ ਦੋਸ਼ੀ ਬਣਾਇਆ ਗਿਆ ਹੈ। ਕੋਰਟ ਨੇ ਸ਼ੁੱਕਰਵਾਰ ਨੂੰ ਇਸ ਚਾਰਜਸ਼ੀਟ 'ਤੇ ਨੋਟਿਸ ਲਿਆ ਅਤੇ ਤੇਜਸਵੀ ਸਮੇਤ ਸਾਰੇ ਮੁਲਜ਼ਮਾਂ ਨੂੰ ਕੋਰਟ 'ਚ ਪੇਸ਼ ਹੋਣ ਦਾ ਆਦੇਸ਼ ਦਿੱਤਾ। ਇਹ ਮਾਮਲਾ ਸਾਲ 2004 ਤੋਂ 2009 ਦੇ ਵਿਚਾਲੇ ਦਾ ਹੈ, ਜਦ ਲਾਲੂ ਯਾਦਵ ਯੂ ਪੀ ਏ ਕਾਰਜਕਾਲ 'ਚ ਰੇਲ ਮੰਤਰੀ ਸਨ। ਦੋਸ਼ ਹੈ ਕਿ ਉਸ ਸਮੇਂ ਰੇਲਵੇ 'ਚ ਨਿਯਮਾਂ ਨੂੰ ਤਾਕ 'ਤੇ ਰੱਖ ਕੇ ਕਈ ਲੋਕਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਸਨ। ਇਸ ਦੇ ਬਦਲੇ 'ਚ ਲਾਲੂ ਪਰਵਾਰ ਦੇ ਮੈਂਬਰਾਂ ਦੇ ਨਾਂਅ 'ਤੇ ਬੇਸ਼ਕੀਮਤੀ ਜ਼ਮੀਨਾਂ ਲਿਖਵਾਈਆਂ ਗਈਆਂ।

ਚੀਨ ਨੇ ਅਰੁਣਾਚਲ ਦੇ ਖਿਡਾਰੀਆਂ ਨੂੰ ਰੋਕਿਆ, ਖੇਡ ਮੰਤਰੀ ਦਾ ਦੌਰਾ ਰੱਦ

ਹਾਂਗਜ਼ੂ : ਅਰੁਣਾਚਲ ਪ੍ਰਦੇਸ਼ ਦੇ ਤਿੰਨ ਭਾਰਤੀ ਵੁਸ਼ੂ ਖਿਡਾਰੀਆਂ ਨੂੰ ਹਾਂਗਜ਼ੂ ਏਸ਼ੀਆਈ ਖੇਡਾਂ 'ਚ ਹਿੱਸਾ ਲੈਣ ਤੋਂ ਚੀਨ ਨੇ ਰੋਕ ਦਿੱਤਾ ਹੈ। ਇਸ ਦੌਰਾਨ ਚੀਨ ਦੀ ਇਸ ਹਰਕਤ ਦੇ ਜੁਆਬ 'ਚ ਭਾਰਤ ਦੇ ਖੇਡ ਤੇ ਸੂਚਨਾ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਨੇ ਖੇਡਾਂ ਲਈ ਚੀਨ ਜਾਣ ਦਾ ਆਪਣਾ ਦੌਰਾ ਰੱਦ ਕਰ ਦਿੱਤਾ ਹੈ।

ਉਧਰ, ਵਿਦੇਸ਼ ਮੰਤਰਾਲੇ ਨੇ ਅਰੁਣਾਚਲ ਦੇ ਕੁਝ ਖਿਡਾਰੀਆਂ ਦੇ ਖਿਲਾਫ ਵਿਤਕਰੇ 'ਤੇ ਚੀਨ ਕੋਲ ਸਖਤ ਵਿਰੋਧ ਦਰਜ ਕਰਵਾਇਆ ਹੈ। ਮੰਤਰਾਲੇ ਨੇ ਕਿਹਾ ਹੈ ਕਿ ਭਾਰਤ ਨਿਵਾਸ ਸਥਾਨ ਦੇ ਆਧਾਰ 'ਤੇ ਭਾਰਤੀ ਨਾਗਰਿਕਾਂ ਨਾਲ ਪੱਖਪਾਤੀ ਵਿਵਹਾਰ ਨੂੰ ਰੱਦ ਕਰਦਾ ਹੈ। ਚੀਨ ਦਾ ਇਹ ਰਵੱਈਆ ਖੇਡ ਭਾਵਨਾ ਦੇ ਵਿਰੁੱਧ ਹੈ ਤੇ ਭਾਰਤ ਆਪਣੇ ਹਿੱਤਾਂ ਦੀ ਰੱਖਿਆ ਲਈ ਢੁਕਵੇਂ ਕਦਮ ਚੁੱਕੇਗਾ।

ਮਜ਼ਬੂਤ ਸਰਕਾਰ ਕਾਰਨ ਹੀ ਬਿੱਲ ਪਾਸ ਹੋਇਆ : ਮੋਦੀ

ਨਵੀਂ ਦਿੱਲੀ : ਸੰਸਦ ਵੱਲੋਂ ਲੋਕ ਸਭਾ ਅਤੇ ਵਿਧਾਨ ਸਭਾਵਾਂ 'ਚ ਔਰਤਾਂ ਲਈ 33 ਫੀਸਦੀ ਰਾਖਵਾਂਕਰਨ ਯਕੀਨੀ ਬਣਾਉਣ ਵਾਲੇ 128ਵੇਂ ਸੰਵਿਧਾਨਕ ਸੋਧ ਬਿੱਲ ਨੂੰ ਪਾਸ ਕਰਨ ਦੇ ਅਗਲੇ ਦਿਨ ਸ਼ੁੱਕਰਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਇਹ ਬਿੱਲ ਕੋਈ ਆਮ ਕਾਨੂੰਨ ਨਹੀਂ, ਸਗੋਂ ਨਵੇਂ ਭਾਰਤ ਦੀ ਲੋਕਤੰਤਰੀ ਪ੍ਰਤੀਬੱਧਤਾ ਦਾ ਐਲਾਨ ਹੈ। ਭਾਜਪਾ ਦੇ ਮਹਿਲਾ ਮੋਰਚੇ ਵੱਲੋਂ ਸੰਸਦ 'ਚ ਮਹਿਲਾ ਰਾਖਵਾਂਕਰਨ ਬਿੱਲ ਪਾਸ ਹੋਣ 'ਤੇ ਉਨ੍ਹਾ ਦੇ ਸਨਮਾਨ ਲਈ ਕਰਵਾਏ ਸਮਾਗਮ ਦੌਰਾਨ ਮੋਦੀ ਨੇ ਬਹੁਮਤ ਵਾਲੀ ਮਜ਼ਬੂਤ ਸਰਕਾਰ ਦੀ ਵਕਾਲਤ ਕਰਦਿਆਂ ਕਿਹਾ ਕਿ ਇਸ ਕਾਰਨ ਹੀ ਲੰਬੇ ਸਮੇਂ ਤੋਂ ਲਟਕ ਰਹੇ ਇਸ ਬਿੱਲ ਨੂੰ ਸੰਸਦ ਦੀ ਮਨਜ਼ੂਰੀ ਮਿਲਣੀ ਸੰਭਵ ਹੋਈ ਹੈ।

ਪੰਜਾਬ ਪੁਲਸ 'ਚ ਆਰਟੀਫਿਸ਼ਲ ਇੰਟੈਲੀਜੈਂਸ ਦੀ ਹੋਵੇਗੀ ਸ਼ਮੂਲੀਅਤ : ਭਗਵੰਤ ਮਾਨ

ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ, ਇਕਬਾਲ ਉੱਭੀ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਨੂੰ ਆਖਿਆ ਕਿ ਪੰਜਾਬ ਪੁਲਸ ਨੂੰ ਮੁਲਕ ਦੀ ਅੱਵਲ ਦਰਜੇ ਦੀ ਫੋਰਸ ਬਣਾਉਣ ਲਈ ਇਸ ਦੀ ਕਾਰਜਕੁਸ਼ਲਤਾ 'ਚ ਵਾਧਾ ਕਰਨ ਵਾਸਤੇ ਆਰਟੀਫਿਸ਼ਲ ਇੰਟੈਲੀਜੈਂਸ (ਏ ਆਈ) ਨੂੰ ਸ਼ਾਮਲ ਕੀਤਾ ਜਾਵੇਗਾ। ਇੱਥੇ ਪੰਜਾਬ ਪੁਲਸ 'ਚ ਸਿੱਧੇ ਭਰਤੀ ਹੋਏ ਸਿਪਾਹੀਆਂ ਦੇ ਹੁਣ ਤੱਕ ਦੇ ਸਭ ਤੋਂ ਵੱਡੇ 2999 ਕਾਂਸਟੇਬਲਾਂ ਦੇ ਗਰੁੱਪ ਦੀ ਪਾਸਿੰਗ ਆਊਟ ਪਰੇਡ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਉਮੀਦ ਜਤਾਈ ਕਿ ਇਹ ਪਹਿਲਕਦਮੀ ਸੂਬੇ 'ਚ ਪੁਲਸ ਪ੍ਰਬੰਧ 'ਚ ਹੋਰ ਸੁਧਾਰ ਲਿਆਉਣ ਲਈ ਅਹਿਮ

● ਬਾਕੀ ਸਫ਼ਾ 2 'ਤੇ

ਸਿਰਫ਼ ਹੈਪੀ ਦੀਵਾਲੀ ਕਹਿ ਸਕਦੇ : ਸੁਪਰੀਮ ਕੋਰਟ

ਨਵੀਂ ਦਿੱਲੀ : ਇਹ ਸਾਫ ਹੋ ਗਿਆ ਹੈ ਕਿ ਦੀਵਾਲੀ 'ਤੇ ਦਿੱਲੀ ਵਾਲੇ ਸਿਰਫ਼ ਦੀਵੇ ਹੀ ਜਲਾਉਣਗੇ। ਸੁਪਰੀਮ ਕੋਰਟ ਨੇ ਪਟਾਕਿਆਂ 'ਤੇ ਦਿੱਲੀ ਸਰਕਾਰ ਵੱਲੋਂ ਲਾਈ ਗਈ ਪਾਬੰਦੀ ਦੇ ਮਾਮਲੇ 'ਚ ਦਖ਼ਲ-ਅੰਦਾਜ਼ੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਸਿਖਰਲੀ ਅਦਾਲਤ ਨੇ ਸ਼ੁਕਰਵਾਰ ਨੂੰ ਬੇਰੀਅਮ ਸਾਲ ਵ

23-SEP-PAGE-1.qxd 9/22/2023 9:32 PM Page 2

ਹਨੇਰੇ 'ਚ ਚਾਨਣ ਵੰਡੇਗਾ ਮੇਲਾ ਗ਼ਦਰੀ ਬਾਬਿਆਂ ਦਾ

ਜਲੰਧਰ : ਗ਼ਦਰੀ ਬਾਬਿਆਂ ਦੀ ਵਿਰਾਸਤ ਅਤੇ ਵਰਤਮਾਨ ਚੁਣੌਤੀਆਂ ਨੂੰ ਸਮਰਪਤ 32ਵਾਂ ਮੇਲਾ ਗ਼ਦਰੀ ਬਾਬਿਆਂ ਦਾ ਚੁਫ਼ੇਰੇ ਫੈਲੀ ਕਾਲ਼ੀ ਬੋਲੀ ਰਾਤ 'ਚ ਚਾਨਣ ਦੀ ਲੀਕ ਦਾ ਕੰਮ ਕਰਦਿਆਂ ਸਾਹਿਤ, ਸਮਾਜ, ਕਲਾ ਅਤੇ ਸੰਗਰਾਮ ਦੇ ਰਿਸ਼ਤੇ ਦਾ ਯਾਦਗਾਰੀ ਸੱਭਿਆਚਾਰਕ ਉਤਸਵ ਹੋਏਗਾ। ਦੇਸ਼ ਭਗਤ ਯਾਦਗਾਰ ਹਾਲ ਦੇ ਮੁੱਖ ਪ੍ਰਵੇਸ਼ ਦੁਆਰ ਨੂੰ ਗ਼ਦਰ ਪਾਰਟੀ ਦੇ ਬਾਨੀਆਂ 'ਚ ਸ਼ੁਮਾਰ ਪ੍ਰੋ. ਬਰਕਤ ਉੱਲਾ ਅਤੇ ਮੇਲੇ ਦਾ ਪ੍ਰਮੁੱਖ ਪੰਡਾਲ ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਦੇ ਨਾਂਅ ਹੋਏਗਾ।

30 **ਅਕਤੂਬਰ ਦੀ ਸ਼ਾਮ** : ਪੁਸਤਕ ਸੱਭਿਆਚਾਰ ਦੇ ਨਾਂਅ' ਨਾਲ ਮੇਲੇ ਦਾ ਆਗਾਜ਼ ਹੋਏਗਾ। ਮੇਲੇ 'ਚ ਲੱਗ ਰਿਹਾ ਪੁਸਤਕ ਮੇਲਾ, ਸਾਥੋਂ ਵਿੱਛੜ ਗਏ ਸਾਹਿਤਕਾਰ ਕਲਾਕਾਰ ਕਵੀ ਹਰਭਜਨ ਹੁੰਦਲ, ਗ਼ਦਰ, ਮਾਸਟਰ ਤਰਲੋਚਨ ਸਮਰਾਲਾ, ਬਾਰੂ ਸਤਵਰਗ, ਦੇਸ ਰਾਜ ਕਾਲੀ ਅਤੇ ਸ਼ਿਵਨਾਥ ਨੂੰ ਸਮਰਪਿਤ ਹੋਏਗਾ।

ਮੇਲੇ ਦੇ ਤਿੰਨੇ ਦਿਨ ਚਿਤਰਕਲਾ ਅਤੇ ਫੋਟੋ ਕਲਾ ਪ੍ਰਦਰਸ਼ਨੀ ਵਿਸ਼ੇਸ਼ ਖਿੱਚ ਦਾ ਕੇਂਦਰ ਹੋਏਗੀ, ਜਿਸ ਵਿੱਚ ਰਵਿੰਦਰ ਰਵੀ (ਲੁਧਿਆਣਾ), ਗੁਰਪ੍ਰੀਤ (ਬਠਿੰਡਾ), ਵਰੁਣ ਟੰਡਨ (ਜਲੰਧਰ), ਗੁਰਦੀਸ਼ (ਜਲੰਧਰ), ਇੰਦਰਜੀਤ ਸਿੰਘ (ਜਲੰਧਰ), ਰਣਜੋਧ ਸਿੰਘ (ਲੁਧਿਆਣਾ) ਅਤੇ ਸਵਰਨਜੀਤ ਸਵੀ (ਲੁਧਿਆਣਾ) ਆਪਣੀਆਂ ਕਲਾ ਕ੍ਰਿਤਾਂ ਮੇਲਾ ਪ੍ਰੇਮੀਆਂ ਦੇ ਰੂਬਰੂ ਕਰਕੇ ਗ਼ਦਰੀ ਬਾਬਿਆਂ ਨੂੰ ਸਿਜਦਾ ਕਰਨਗੇ। 30, 31 ਅਕਤੂਬਰ ਵੰਨ-ਸੁਵੰਨੀਆਂ ਕਲਾ ਵੰਨਗੀਆਂ ਵਿੱਚੋਂ ਗੁਜ਼ਰਦਿਆਂ ਪਹਿਲੀ ਨਵੰਬਰ ਸਵੇਰੇ 10 ਵਜੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣਗੇ।

ਇਸ ਵਾਰ ਅਮੋਲਕ ਸਿੰਘ ਦੁਆਰਾ ਲਿਖਿਆ ਸੰਗੀਤ ਨਾਟ ਓਪੇਰਾ ਝੰਡੇ ਦਾ ਗੀਤ : ਪੰਜਾਬੀ ਰੰਗ ਮੰਚ ਦੇ ਨਾਮਵਰ ਨਿਰਦੇਸ਼ਕ ਨਾਟਕਕਾਰ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ ਹੋਏਗਾ। ਝੰਡੇ ਦੇ ਗੀਤ ਦੀ ਤਿਆਰੀ ਵਰਕਸ਼ਾਪ ਇਸ ਵਾਰ ਮੰਚ ਰੰਗ ਮੰਚ ਅੰਮ੍ਰਿਤਸਰ ਵਿਖੇ ਹੀ ਲਗਾਏਗਾ।

ਨਾਮਧਾਰੀ ਸੰਗੀਤ ਕਲਾ ਕੇਂਦਰ ਦੁਆਰਾ

■ ਸਿਧਾਰਥ ਵਰਧਰਾਜਨ, ਤੀਸਤਾ ਸੀਤਲਵਾੜ, ਵਿਨੀਤ ਤਿਵਾੜੀ ਹੋਣਗੇ ਮੁੱਖ ਵਕਤਾ

ਪ੍ਰਭਾਵਸ਼ਾਲੀ ਕਲਾ ਵੰਨਗੀ 'ਹੱਲਾ' ਆਪਣਾ ਹੀ ਰੰਗ ਬਿਖੇਰੇਗੀ। ਸੰਗੀਤ ਦੀਆਂ ਦਿਨ-ਰਾਤ ਟੀਮਾਂ ਲਈ ਹਰਿਦਰ ਸੋਹਲ ਅੰਮ੍ਰਿਤਸਰ, ਸੰਗੀਤ ਵਿਭਾਗ, ਖਾਲਸਾ ਕਾਲਜ ਗੜ੍ਹਦੀਵਾਲ (ਗੁਰਪਿੰਦਰ ਸਿੰਘ), ਲੋਕ ਸੰਗੀਤ ਮੰਡਲੀ ਮਸਾਣੀ (ਧਰਮਿੰਦਰ ਮਸਾਣੀ), ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਤੋਂ ਇਲਾਵਾ ਕੁੱਝ ਹੋਰ ਸੰਗੀਤ ਮੰਡਲੀਆਂ ਅਤੇ ਗਾਇਕ ਕਲਾਕਾਰਾਂ ਨੂੰ ਵੀ ਸਰੋਤਿਆਂ ਦੇ ਰੂਬਰੂ ਕੀਤਾ ਜਾਏਗਾ। ਇਸ ਮੇਲੇ 'ਚ ਪਹਿਲੀ ਨਵੰਬਰ ਦਿਨ ਵੇਲੇ ਮੁੱਖ ਵਕਤਾ 'ਦੀ ਵਾਇਰ' ਦੇ ਮੰਨੇ-ਪ੍ਰਮੰਨੇ ਆਗੂ ਸਿਧਾਰਥ ਵਰਧਰਾਜਨ ਹੋਣਗੇ।

ਚੰਡੀਗੜ੍ਹ ਸਕੂਲ ਆਫ਼ ਡਰਾਮਾ ਵੱਲੋਂ ਏਕਤਰ ਦੀ ਕਲਮ ਤੋਂ ਲਿਖਿਆ ਅਤੇ ਨਿਰਦੇਸ਼ਤ ਕੀਤਾ ਨਾਟਕ 'ਠੱਗੀ' ਪਹਿਲੀ ਨਵੰਬਰ ਦੁਪਹਿਰ ਵੇਲੇ ਪੇਸ਼ ਕੀਤਾ ਜਾਏਗਾ। 31 ਅਕਤੂਬਰ ਕੁਇਜ਼ ਅਤੇ ਪੇਂਟਿਗ ਮੁਕਾਬਲਾ ਹੋਏਗਾ। 31 ਅਕਤੂਬਰ ਵਿਚਾਰ-ਚਰਚਾ 'ਚ ਜਮਹੂਰੀ ਹੱਕਾਂ ਦੀ ਨਾਮਵਰ ਝੰਡਾ ਬਰਦਾਰ ਅਤੇ ਬੁੱਧੀਜੀਵੀ ਤੀਸਤਾ ਸੀਤਲਵਾੜ (ਮਹਾਂਰਾਸ਼ਟਰ) ਅਤੇ ਹਿੰਦੀ ਕਵੀ, ਆਲੋਚਕ, 'ਵਸੁਧਾ' ਹਿੰਦੀ ਪੱਤ੍ਰਿਕਾ ਦੇ ਸੰਪਾਦਕ ਵਿਨੀਤ ਤਿਵਾੜੀ (ਮੱਧ ਪ੍ਰਦੇਸ਼) ਉਚੇਚੇ ਤੌਰ 'ਤੇ ਹੋ ਰਹੇ ਕੌਮੀ ਵਿਚਾਰ-ਚਰਚਾ ਸਮਾਗਮ ਵਿੱਚ ਮੁੱਖ ਵਕਤਾ ਹੋਣਗੇ। ਸ਼ਾਮ ਠੀਕ 4 ਵਜੇ ਕਵੀ ਦਰਬਾਰ, ਉਪਰੰਤ ਪੀਪਲਜ਼ ਵਾਇਸ ਵੱਲੋਂ ਫ਼ਿਲਮ ਸ਼ੋਅ ਅਤੇ ਉਪਰੰਤ ਮਾਨਵਤਾ ਕਲਾ ਮੰਚ ਨਗਰ ਵੱਲੋਂ ਕੁਲਵੰਤ ਕੌਰ ਨਗਰ ਦਾ ਲਿਖਿਆ ਜਸਵਿੰਦਰ ਪੱਪੀ ਦੁਆਰਾ ਨਿਰਦੇਸ਼ਤ ਨਾਟਕ ਨਰਗਿਸ ਦੁਆਰਾ ਪੇਸ਼ ਹੋਏਗਾ; ਚਿੜੀਆਂ ਦਾ ਚੰਬਾ।

ਪਹਿਲੀ ਨਵੰਬਰ ਦਿਨ ਵੇਲੇ ਹੋਣ ਵਾਲੀ ਵਿਚਾਰ-ਚਰਚਾ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਹਰਦੇਵ ਅਰਸ਼ੀ, ਮੰਗਤ ਰਾਮ ਪਾਸਲਾ, ਡਾ. ਪਰਮਿੰਦਰ, ਦਰਸ਼ਨ ਖਟਕੜ ਅਤੇ ਸੁਖਵਿੰਦਰ ਸੇਖੋਂ ਭਾਗ ਲੈਣਗੇ।

ਪਹਿਲੀ ਨਵੰਬਰ ਸ਼ਾਮ ਸਾਢੇ 6 ਵਜੇ ਤੋਂ ਨਾਟਕਾਂ ਅਤੇ ਗੀਤਾਂ ਭਰੀ ਸ਼ਾਮ ਸ਼ੁਰੂ ਹੋ ਕੇ ਸਰਘੀ ਵੇਲੇ ਤੱਕ ਨਿਰੰਤਰ ਜਾਰੀ ਰਹੇਗੀ। ਇਸ ਵਿੱਚ ਅਨੀਤਾ ਸ਼ਬਦੀਸ਼ ਦੀ ਨਿਰਦੇਸ਼ਨਾ 'ਚ ਸੁਚੇਤਕ ਰੰਗ ਮੰਚ ਮੁਹਾਲੀ ਵੱਲੋਂ ਸੀ.ਟੀ. ਖਨੋਲਕਰ ਦਾ ਲਿਖਿਆ (ਪੰਜਾਬੀ ਰੁਪਾਂਤਰ: ਸ਼ਬਦੀਸ਼) ਨਾਟਕ 'ਵਕਤ ਤੈਨੂੰ ਸਲਾਮ', ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ ਮੰਚ ਰੰਗ ਮੰਚ ਅੰਮ੍ਰਿਤਸਰ ਵੱਲੋਂ ਬਰਤੋਲਟ ਬ੍ਰੈਖ਼ਤ ਦਾ ਪ੍ਰਸਿੱਧ ਨਾਟਕ 'ਦਾ ਕਾਕੇਸੀਅਨ ਚਾਕ ਸਰਕਲ' (ਪੰਜਾਬੀ ਰੂਪ ਅਮਿਤੋਜ਼) 'ਮਿੱਟੀ ਨਾ ਹੋਏ ਮਤਰੇਈ', ਡਾ. ਸਾਹਿਬ ਸਿੰਘ ਦਾ ਲਿਖਿਆ ਤੇ ਨਿਰਦੇਸ਼ਤ ਕੀਤਾ ਨਾਟਕ 'ਸੰਦੂਕੜੀ ਖੋਲ੍ਹ ਨਰੈਣਿਆ', ਬਲਦੇਵ ਸੜਕਨਾਮਾ ਦਾ ਲਿਖਿਆ ਕੀਰਤੀ ਕਿਰਪਾਲ ਦੁਆਰਾ ਨਿਰਦੇਸ਼ਤ ਨਾਟਕ 'ਜਾਗਦੇ ਰਹੋ' 'ਨਾਟਿਯਮ ਅਭਿਨੇਤਾ ਦਾ' ਟੀਮ ਵੱਲੋਂ ਅਤੇ 'ਗਗਨ ਦਮਾਮਾ ਵਾਜਿਓ' (ਰਚਨਾ: ਪਿਯੂਸ਼ ਮਿਸ਼ਰਾ), ਵਿੱਕੀ ਮਹੇਸ਼ਰੀ ਅਤੇ ਅਵਤਾਰ ਚੜਿਕ ਦੀ ਨਿਰਦੇਸ਼ਨਾ 'ਚ ਇਪਟਾ ਮੋਗਾ ਵੱਲੋਂ ਨਾਟਕ ਖੇਡੇ ਜਾਣਗੇ।

ਮਾਰਕੀਟ ਕਮੇਟੀ ਕਰਮਚਾਰੀ ਯੂਨੀਅਨ ਦੀ ਇਕਾਈ ਦਾ ਗਠਨ

ਬਾਘਾ ਪੁਰਾਣਾ (ਮਨੀ ਸਿੰਗਲਾ)-ਕੋਟਕਪੂਰਾ ਰੋਡ ਉਪਰ ਸਥਿਤ ਮਾਰਕੀਟ ਕਮੇਟੀ ਕਰਮਚਾਰੀ ਯੂਨੀਅਨ ਦੀ ਮੀਟਿੰਗ ਹੋਈ, ਜਿਸ ਵਿੱਚ ਮਾਰਕੀਟ ਕਮੇਟੀ ਦੇ ਸਮੂਹ ਕ੍ਰਮਚਾਰੀ ਹਾਜ਼ਰ ਸ਼ਾਮਲ ਹੋਏ। ਮੀਟਿੰਗ ਵਿੱਚ ਮਾਰਕੀਟ ਕਮੇਟੀ ਇਕਾਈ ਦਾ ਗਠਨ ਕੀਤਾ ਗਿਆ, ਜਿਸ ਵਿੱਚ ਸਰਬਸੰਮਤੀ ਦੇ ਨਾਲ ਸਮੂਹ ਮੁਲਾਜ਼ਮਾਂ ਦੀ ਸਹਿਮਤੀ ਦੇ ਨਾਲ ਗੁਰਪ੍ਰੀਤ ਸਿੰਘ ਨੂੰ ਪ੍ਰਧਾਨ ਬਣਾਇਆ ਨਿਯੁਕਤ ਕੀਤਾ ਗਿਆ। ਇਸ ਦੌਰਾਨ ਹੀ ਗੁਰਪ੍ਰੀਤ ਸਿੰਘ ਪ੍ਰਧਾਨ ਦੀ ਅਗਵਾਈ ਵਿਚ ਸਮੂਹ ਮੁਲਾਜ਼ਮਾਂ ਵੱਲੋਂ ਗੋਬਿੰਦ ਸਿੰਘ ਸੇਵਾਦਾਰ ਨੂੰ ਵਾਇਸ ਪ੍ਰਧਾਨ, ਮਨਪ੍ਰੀਤ ਸਿੰਘ ਨੂੰ ਜਨਰਲ ਸਕੱਤਰ, ਹਰਪ੍ਰੀਤ ਕੌਰ ਨੂੰ ਖਜ਼ਾਨਚੀ, ਹਰਜੀਤ ਸਿੰਘ ਕਲਰਕ ਨੂੰ ਪ੍ਰੈਸ ਸਕੱਤਰ ਚੁਣੇ ਜਾਣ ਦੇ ਇਲਾਵਾ ਹਰਜਿੰਦਰ ਕੌਰ ਮਾਨ, ਕੁਲਜਿੰਦਰ ਸਿੰਘ, ਵਿਪਨ, ਕਿਰਨ ਕੁਮਾਰ, ਸੁਭਾਸ਼ ਚੰਦਰ, ਜੋਤੀ, ਜਗਜੀਵਨ ਸਿੰਘ ਨੂੰ ਮੈਂਬਰ ਨਿਯੁਕਤ ਕੀਤਾ ਗਿਆ। ਇਸ ਮੌਕੇ ਨਵ ਨਿਯਕੁਤ ਪ੍ਰਧਾਨ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਜੋ ਉਸ ਨੂੰ ਸਮੂਹ ਮੁਲਾਜ਼ਮਾਂ ਨੇ ਜ਼ਿੰਮੇਵਾਰੀ ਸੌਂਪੀ ਹੈ, ਉਹ ਤਨਦੇਹੀ ਨਾਲ ਨਿਭਾਉਂਦਾ ਹੋਇਆ ਮੁਲਾਜ਼ਮਾਂ ਦੇ ਹੱਕਾਂ ਲਈ ਦਿਨ-ਰਾਤ ਇਕ ਕਰ ਦੇਵੇਗਾ। ਇਸ ਮੌਕੇ ਸਮੂਹ ਨਵ ਨਿਯੁਕਤ ਮੈਂਬਰਾਂ ਨੇ ਅਹਿਦ ਲਿਆ ਕਿ ਉਹ ਇਕਜੁਟ ਹੋ ਕੇ ਅਪਣੇ ਹੱਕਾਂ ਲਈ ਇਕ ਦੂਜੇ ਦਾ ਸਾਥ ਦੇਣਗੇ। ਇਸ ਮੌਕੇ ਵੱਡੀ ਗਿਣਤੀ ਵਿਚ ਮਾਰਕੀਟ ਕਮੇਟੀ ਦੇ ਮੁਲਾਜ਼ਮ ਹਾਜ਼ਰ ਸਨ।

ਘੁਮਾਣਾ ਦੇ ਦੰਗਲ ਮੇਲੇ 'ਚ ਮਿੰਦਾ ਪਠਾਨਕੋਟ ਨੇ ਜਿੱਤੀ ਝੰਡੀ

ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)-ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਬੇਟ ਇਲਾਕੇ ਦੇ ਪਿੰਡ ਘੁਮਾਣਾ ਵਿਖੇ ਖਾਨਪੁਰ ਬੇਟ, ਬਹਾਦਰਪੁਰ, ਰਹੀਮਾਬਾਦ ਕਲਾਂ, ਮੰਡ ਉਧੋਵਾਲ, ਉਧੋਵਾਲ ਕਲਾਂ ਵੱਲੋਂ ਸਾਂਝੇ ਰੂਪ ਵਿੱਚ ਦੰਗਲ ਮੇਲਾ ਕਰਵਾਇਆ ਗਿਆ, ਜਿਸ ਵਿੱਚ 90 ਤੋਂ ਵੱਧ ਪਹਿਲਵਾਨਾਂ ਨੇ ਆਪਣੇ ਜੌਹਰ ਦਿਖਾਏ। ਦੰਗਲ ਮੇਲੇ 'ਚ ਝੰਡੀ ਦੀ ਕੁਸ਼ਤੀ ਮਿੰਦਾ ਪਠਾਨਕੋਟ ਤੇ ਗੁਰਮੀਤ ਦਿੱਲੀ ਵਿਚਕਾਰ ਹੋਈ, ਜਿਸ ਵਿੱਚ ਮਿੰਦਾ ਪਠਾਨਕੋਟ ਜੇਤੂ ਰਿਹਾ, ਜਦਕਿ ਦੂਸਰੇ ਨੰਬਰ ਦੀ ਕੁਸ਼ਤੀ 'ਚ ਸੁੱਖ ਮੰਡ ਚੌਂਤਾ ਨੇ ਰਾਜਾ ਬੱਬੂ ਨੂੰ ਹਰਾਇਆ। ਦੰਗਲ ਮੇਲੇ ਦਾ ਅੱਖੀਂ ਡਿੱਠਾ ਹਾਲ ਮੰਚ ਤੋਂ ਗੋਲਡੀ ਨਸਰਾਲੀ ਤੇ ਗੋਰਾ ਨੇ ਸੁਣਾਇਆ, ਜਦਕਿ ਗਾਇਕ ਪ੍ਰੀਤ ਜਿਓਣੇਵਾਲ ਤੇ ਹਾਸਰਸ ਕਲਾਕਾਰ ਜਸਪਾਲ ਹੰਸ ਨੇ ਹਾਜ਼ਰੀ ਲਗਾਈ। ਜੇਤੂ ਪਹਿਲਵਾਨਾਂ ਨੂੰ ਇਨਾਮ ਵੰਡਣ ਦੀ ਰਸਮ ਪ੍ਰਬੰਧਕ ਕਮੇਟੀ ਦੇ ਧਰਮਵੀਰ ਸਿੰਘ ਫੌਜੀ ਪ੍ਰਧਾਨ, ਬਿੱਟੂ ਸਰਪੰਚ ਖਾਨਪੁਰ, ਪਾਲੀ ਸਰਪੰਚ ਰਹੀਮਾਬਾਦ ਕਲਾਂ, ਗੁਲਜ਼ਾਰ ਸਿੰਘ ਸਰਪੰਚ ਮੰਡ ਉਧੋਵਾਲ, ਸਰਪੰਚ ਰਮੇਸ਼ ਲਾਲ, ਸਾਬਕਾ ਸਰਪੰਚ ਰਾਜ ਕੁਮਾਰ, ਪ੍ਰਿਤਪਾਲ ਸਿੰਘ ਭੱਟੀ, ਪਾਲ ਸਿੰਘ ਮਿਸਤਰੀ, ਜੀਵਨ ਲਾਲ, ਨੰਬਰਦਾਰ ਕਰਨੈਲ ਸਿੰਘ, ਪ੍ਰਵੀਨ ਬਾਲੀ, ਗੁਰਪ੍ਰੀਤ ਸਿੰਘ, ਗੁਰਮੀਤ ਸਿੰਘ, ਜੋਧਾ ਸਿੰਘ, ਗੁਰਨਾਮ ਸਿੰਘ ਮਾਹਲ ਘੁਮਾਣਾ, ਹਰਜੀਤ ਸਿੰਘ ਢਿੱਲੋਂ, ਬਲਵੰਤ ਸਿੰਘ ਉਧੋਵਾਲ ਕਲਾਂ, ਭਾਸ਼ੀ ਉਧੋਵਾਲ, ਲਛਮਣ ਸਿੰਘ, ਸੁਖਵਿੰਦਰ ਸਿੰਘ ਨੇ ਆਦਿ ਨੇ ਅਦਾ ਕੀਤੀ।

ਗੁਰੂ ਨਾਨਕ ਸਹਾਰਾ ਸੁਸਾਇਟੀ ਦਾ 173ਵਾਂ ਪੈਨਸ਼ਨ ਵੰਡ ਸਮਾਗਮ ਕਰਵਾਇਆ

ਜਗਰਾਓਂ (ਅਮਿਤ ਖੰਨਾ)-ਗੁਰੂ ਨਾਨਕ ਸਹਾਰਾ ਸੁਸਾਇਟੀ ਜਗਰਾਓਂ ਵੱਲੋਂ 173ਵਾਂ ਸੰਸਾਰ ਚੰਦ ਵਰਮਾ ਯਾਦਗਾਰੀ ਮਾਸਿਕ ਪੈਨਸ਼ਨ ਤੇ ਰਾਸ਼ਨ ਵੰਡ ਸਮਾਗਮ ਆਰ. ਕੇ. ਹਾਈ ਸਕੂਲ ਵਿਖੇ ਪ੍ਰਧਾਨ ਗੁਰਮੇਲ ਸਿੰਘ ਢਿੱਲੋਂ ਤੇ ਪ੍ਰਧਾਨ ਕੈਪਟਨ ਨਰੇਸ਼ ਵਰਮਾ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ। ਮਲਹੋਤਰਾ ਮੈਡੀਕਲ ਨੇ ਆਪਣੇ ਮਰਹੂਮ ਪਿਤਾ ਮਦਨ ਲਾਲ ਮਲਹੋਤਰਾ ਤੇ ਮਾਤਾ ਰਾਣੀ ਮਲਹੋਤਰਾ ਦੀ ਯਾਦ ਵਿੱਚ 26 ਬਜ਼ੁਰਗਾਂ ਨੂੰ 500 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਵੰਡੀ। ਮਲਹੋਤਰਾ ਪਰਵਾਰ ਵੱਲੋਂ ਸਾਰੇ ਬਜ਼ੁਰਗਾਂ ਲਈ ਚਾਹ ਤੇ ਨਾਸ਼ਤੇ ਦਾ ਪ੍ਰਬੰਧ ਕੀਤਾ ਗਿਆ। ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਗੌਰਵ ਖੁੱਲਰ ਨੇ ਸਾਰੇ ਬਜ਼ੁਰਗਾਂ ਨੂੰ ਬਿਸਕੁਟ ਤੇ ਹੋਰ ਸਾਮਾਨ ਦੇ ਪੈਕੇਟ ਵੰਡੇ। ਸਟੇਜ ਦਾ ਸੰਚਾਲਨ ਕਰਦਿਆਂ ਕੈਪਟਨ ਨਰੇਸ਼ ਵਰਮਾ ਨੇ ਬਜ਼ੁਰਗਾਂ ਨੂੰ ਪੈਨਸ਼ਨ ਦੇਣ ਲਈ ਮਲਹੋਤਰਾ ਪਰਿਵਾਰ ਦਾ ਧੰਨਵਾਦ ਕੀਤਾ। ਇਸ ਮੌਕੇ ਡਾ: ਰਾਕੇਸ਼ ਭਾਰਦਵਾਜ, ਪ੍ਰੋਫੈਸਰ ਕਰਮ ਸਿੰਘ ਸੰਧੂ, ਰਾਜ ਕੁਮਾਰ ਭੱਲਾ, ਸਬ ਇੰਸਪੈਕਟਰ ਹਰਪਾਲ ਸਿੰਘ, ਸਤਪਾਲ ਸਿੰਘ, ਪ੍ਰਿੰਸੀਪਲ ਸੀਮਾ ਸ਼ਰਮਾ, ਉਮੇਸ਼ ਛਾਬੜਾ, ਨਰੇਸ਼ ਗੁਪਤਾ, ਕੇਵਲ ਮਲਹੋਤਰਾ, ਅਸ਼ਵਨੀ ਮਲਹੋਤਰਾ, ਹਰੀਸ਼ ਮਲਹੋਤਰਾ, ਅਨਿਲ ਮਲਹੋਤਰਾ, ਚਿਰਾਗ ਸਿੰਗਲਾ, ਮੈਡਮ ਸੰਤੋਸ਼ ਕੌਰ, ਮੈਡਮ ਮਨੀਸ਼ਾ ਤੇ ਸਮੂਹ ਸਟਾਫ ਨੇ ਕੈਪਟਨ ਵਰਮਾ ਦੇ ਉਪਰਾਲੇ ਦੀ ਸ਼ਲਾਘਾ ਕੀਤੀ।

ਭਾਰਤ ਵਿਕਾਸ ਪ੍ਰੀਸ਼ਦ ਨੇ 8 ਪਰਵਾਰਾਂ ਨੂੰ ਰਾਸ਼ਨ ਵੰਡਿਆ

ਜਲਾਲਾਬਾਦ (ਜੀਤ ਕੁਮਾਰ)-ਭਾਰਤ ਵਿਕਾਸ ਪ੍ਰੀਸ਼ਦ ਜਲਾਲਾਬਾਦ ਵੱਲੋਂ ਸਮਾਜ ਭਲਾਈ ਦੇ ਕਾਰਜਾਂ ਨੂੰ ਅੱਗੇ ਵਧਾਉਂਦੇ ਹੋਏ ਮਹੀਨਾਵਾਰ ਰਾਸ਼ਨ ਵੰਡ ਸਮਾਰੋਹ ਬਰਾਂਚ ਪ੍ਰਧਾਨ ਪ੍ਰਵੇਸ਼ ਖੰਨਾ ਦੇ ਨਿਵਾਸ ਸਥਾਨ ਵਿਖੇ ਕੀਤਾ ਗਿਆ। ਇਸ ਸਮਾਰੋਹ ਵਿੱਚ ਤਰਸੇਮ ਵਿਖੌਨਾ ਐੱਸ ਡੀ ਈ (ਰਿਟਾਇਰਡ) ਬੀ ਐੱਸ ਐੱਨ ਐੱਲ ਮੁੱਖ ਮਹਿਮਾਨ ਸ਼ਾਮਲ ਹੋਏ। ਇਸ ਮੌਕੇ ਸਕੱਤਰ ਰੋਸ਼ਨ ਲਾਲ ਅਸੀਜਾ ਨੇ ਆਏ ਹੋਏ ਮੈਂਬਰਾਂ ਨੂੰ ਜੀ ਆਇਆਂ ਆਖਿਆ, ਉੱਥੇ ਹੀ ਬਰਾਂਚ ਪ੍ਰਧਾਨ ਪ੍ਰਵੇਸ਼ ਖੰਨਾ ਨੇ ਮੁੱਖ ਮਹਿਮਾਨ ਸ਼੍ਰੀ ਵਿਖੌਨਾ ਦਾ ਇਸ ਪਵਿੱਤਰ ਕਾਰਜ ਵਿੱਚ ਆਪਣਾ ਯੋਗਦਾਨ ਪਾਉਣ ਲਈ ਧੰਨਵਾਦ ਪ੍ਰਗਟ ਕੀਤਾ। ਇਸ ਮੌਕੇ ਮੁੱਖ ਮਹਿਮਾਨ ਤਰਸੇਮ ਵਿਖੌਨਾ ਨੇ ਜਿੱਥੇ ਭਾਰਤ ਵਿਕਾਸ ਪ੍ਰੀਸ਼ਦ ਦੇ ਸਮਾਜ ਸੇਵੀ ਕੰਮਾਂ ਨੂੰ ਸਲਾਹਿਆ, ਉੱਥੇ ਹੀ ਉਨ੍ਹਾਂ ਨੇ ਭਵਿੱਖ ਵਿੱਚ ਵੀ ਸੰਸਥਾ ਨੂੰ ਹਰ ਸੰਭਵ ਮਦਦ ਦੇਣ ਲਈ ਆਪਣੀ ਇੱਛਾ ਜ਼ਾਹਰ ਕੀਤੀ। ਇਸ ਸਮੇਂ ਪ੍ਰੀਸ਼ਦ ਦੇ ਸਾਰੇ ਮੈਂਬਰਾਂ ਨੇ ਪ੍ਰੀਸ਼ਦ ਦੇ ਸਾਬਕਾ ਖਜ਼ਾਨਚੀ ਡਾ. ਸ਼ਾਮ ਜੁਨੇਜਾ ਦੇ ਜਲਦੀ ਸਿਹਤਮੰਦ ਹੋਣ ਲਈ ਦਿਲੋਂ ਪ੍ਰਮਾਤਮਾ ਅੱਗੇ ਕਾਮਨਾ ਕੀਤੀ। ਸਮਾਰੋਹ ਵਿੱਚ 8 ਜ਼ਰੂਰਤਮੰਦ ਘਰਾਂ ਦੇ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਸਮਾਰੋਹ ਵਿੱਚ ਜ਼ਿਲ੍ਹਾ ਪ੍ਰਧਾਨ ਦਵਿੰਦਰ ਕੁੱਕੜ, ਰਮੇਸ਼ ਸਿਡਾਨਾ ਖਜ਼ਾਨਚੀ, ਸਾਬਕਾ ਪ੍ਰਧਾਨ ਅਸ਼ੋਕ ਦੂਮੜਾ ਤੇ ਮਦਨ ਲਾਲ ਦੂਮੜਾ, ਗੁਰਮੀਤ ਮਦਾਨ, ਦੀਪਕ ਛਾਬੜਾ, ਮੀਨਾ ਮਹਿਰੋਕ, ਕਵਿਤਾ ਖੰਨਾ, ਨੀਰਜ ਛਾਬੜਾ, ਸੁਰੇਸ਼ ਗਾਬਾ, ਆਕਾਸ਼ ਖੰਨਾ ਤੇ ਰਾਜਨ ਦੂਮੜਾ ਵਲੰਟੀਅਰ ਹਾਜ਼ਰ ਸਨ।

ਗੁਰੂ ਨਾਨਕ ਸਹਾਰਾ ਸੁਸਾਇਟੀ ਨੇ ਮਹੀਨਾਵਾਰ ਪੈਨਸ਼ਨ ਵੰਡੀ

ਜਗਰਾਉਂ (ਸੰਜੀਵ ਅਰੋੜਾ)-ਗੁਰੂ ਨਾਨਕ ਸਹਾਰਾ ਸੁਸਾਇਟੀ ਵੱਲੋਂ ਚੇਅਰਮੈਨ ਗੁਰਮੇਲ ਸਿੰਘ ਢਿੱਲੋਂ ਤੇ ਪ੍ਰਧਾਨ ਕੈਪਟਨ ਨਰੇਸ਼ ਵਰਮਾ ਦੀ ਅਗਵਾਈ ਹੇਠ 173ਵਾਂ ਸਵ: ਸੰਸਾਰ ਚੰਦ ਵਰਮਾ ਯਾਦਗਾਰੀ ਮਹੀਨਾਵਾਰ ਪੈਨਸ਼ਨ ਤੇ ਰਾਸ਼ਨ ਵੰਡ ਸਮਾਰੋਹ ਆਰ. ਕੇ. ਹਾਈ ਸਕੂਲ 'ਚ ਕਰਾਇਆ ਗਿਆ। ਸਮਾਗਮ ਦੇ ਮੁੱਖ ਮਹਿਮਾਨ ਸਮਾਜ ਸੇਵੀ ਕੇਵਲ ਕ੍ਰਿਸ਼ਨ ਮਹੋਲਤਰਾ ਸਨ, ਜਿਨ੍ਹਾਂ ਨੇ ਆਪਣੇ

23-Sep-PAGE-3.qxd 9/22/2023 10:19 PM Page 1

ਪੁਰਾਣੀ ਰੰਜਿਸ਼ ਕਾਰਨ ਨੌਜਵਾਨ ਦਾ ਤਲਵਾਰਾਂ ਨਾਲ ਕਤਲ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)-ਕਪੂਰਥਲਾ ਦੀ ਢਿਲਵਾਂ ਤਹਿਸੀਲ 'ਚ ਪੁਰਾਣੀ ਰੰਜਿਸ਼ ਕਾਰਨ ਇਕ ਨੌਜਵਾਨ ਦਾ ਤਲਵਾਰਾਂ ਨਾਲ ਵੱਢ ਕੇ ਕਤਲ ਕਰ ਦਿੱਤਾ ਗਿਆ । ਮ੍ਰਿਤਕ ਦੇ ਪਿਤਾ ਦੇ ਬਿਆਨਾਂ 'ਤੇ ਥਾਣਾ ਢਿਲਵਾਂ ਦੀ ਪੁਲਸ ਨੇ 6 ਮੁਲਜਮਾਂ ਖਿਲਾਫ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਗੁਰਨਾਮ ਸਿੰਘ ਵਾਸੀ ਢਿਲਵਾਂ ਪੱਤੀ ਲੱਧੂ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਦਾ ਲੜਕਾ ਹਰਦੀਪ ਸਿੰਘ ਉਰਫ ਦੀਪਾ ਖੇਤੀਬਾੜੀ ਦਾ ਕੰਮ ਕਰਦਾ ਸੀ। ਮੇਰੇ ਲੜਕੇ ਦਾ ਹਰਪ੍ਰੀਤ ਸਿੰਘ ਉਰਫ ਹੈਪੀ ਵਾਸੀ ਢਿਲਵਾਂ ਪੱਤੀ ਲੱਧੂ ਨਾਲ ਲੰਬੇ ਸਮੇਂ ਤੋਂ ਝਗੜਾ ਚੱਲ ਰਿਹਾ ਸੀ। ਇਸ ਲੜਾਈ ਕਾਰਨ ਉਸ ਦੇ ਲੜਕੇ ਖਿਲਾਫ ਪਹਿਲਾਂ ਵੀ ਥਾਣਾ ਢਿਲਵਾਂ ਵਿੱਚ ਕੇਸ ਦਰਜ ਸੀ। ਉਹਨਾਂ ਦੱਸਿਆ ਕਿ ਮੇਰਾ ਲੜਕਾ ਗ੍ਰਿਫਤਾਰੀ ਦੇ ਡਰ ਕਾਰਨ ਕਈ ਦਿਨਾਂ ਤੋਂ ਘਰੋਂ ਬਾਹਰ ਰਹਿ ਰਿਹਾ ਸੀ ਪਰ 19 ਸਤੰਬਰ ਦੀ ਸ਼ਾਮ ਨੂੰ ਉਸ ਦਾ ਲੜਕਾ ਘਰ ਆ ਗਿਆ। ਉਹ ਬੈਂਕ ਦੀ ਪਾਸਬੁੱਕ ਲੈ ਕੇ ਘਰੋਂ ਨਿਕਲਿਆ। ਰਾਤ ਕਰੀਬ 10.30 ਵਜੇ ਕਿਸੇ ਨੇ ਉਸ ਦੇ ਘਰ ਦਾ ਗੇਟ ਖੜਕਾਇਆ। ਇਸ 'ਤੇ ਉਹ ਆਪਣੀ ਪਤਨੀ ਨਾਲ ਛੱਤ 'ਤੇ ਗਿਆ ਅਤੇ ਗਲੀ 'ਚ ਜਾ ਕੇ ਦੇਖਿਆ ਕਿ ਹਰਪ੍ਰੀਤ ਸਿੰਘ ਉਰਫ ਹੈਪੀ ਆਪਣੇ ਚਾਰ-ਪੰਜ ਲੜਕਿਆਂ ਸਮੇਤ ਘਰ ਦੇ ਬਾਹਰ ਲਲਕਾਰੇ ਮਾਰ ਰਿਹਾ ਸੀ। ਉਸ ਨੇ ਕਿਹਾ ਕਿ ਤੁਹਾਡੇ ਲੜਕੇ ਦਾ ਕਤਲ ਕਰ ਦਿੱਤਾ ਗਿਆ ਹੈ, ਆਪਣੇ ਸ਼ੇਰ ਪੁੱਤਰ ਨੂੰ ਚੱਕ ਲੈ, ਇਸ ਤਰ੍ਹਾਂ ਉਹ ਚੀਕਦਾ ਹੋਇਆ ਉਥੋਂ ਚਲਾ ਗਿਆ। ਜਦੋਂ ਉਹ ਗੇਟ ਖੋਲ੍ਹ ਕੇ ਗਲੀ ਵਿੱਚ ਗਿਆ ਤਾਂ ਉਥੇ ਉਸ ਦਾ ਲੜਕਾ ਹਰਦੀਪ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਪਿਆ ਸੀ। ਪੁੱਛਣ 'ਤੇ ਲੜਕੇ ਨੇ ਦੱਸਿਆ ਕਿ ਹਰਪ੍ਰੀਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਤਲਵਾਰਾਂ ਅਤੇ ਕਿਰਪਾਨਾਂ ਨਾਲ ਉਸ ਦੀ ਵੱਢ-ਟੁੱਕ ਕੀਤੀ ਹੈ। ਇਸ 'ਤੇ ਉਹ ਤੁਰੰਤ ਉਸ ਨੂੰ ਸਿਵਲ ਹਸਪਤਾਲ ਜਲੰਧਰ ਲੈ ਗਏ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਗੁਰਨਾਮ ਸਿੰਘ ਨੇ ਦੱਸਿਆ ਕਿ ਪੁਰਾਣੀ ਰੰਜਿਸ਼ ਕਾਰਨ ਉਸ ਦੇ ਲੜਕੇ ਦਾ ਕਤਲ ਹਰਪ੍ਰੀਤ ਸਿੰਘ ਉਰਫ ਹੈਪੀ ਅਤੇ ਉਸ ਦੇ ਸਾਥੀਆਂ ਨੇ ਕੀਤਾ ਹੈ। ਜਾਂਚ ਅਧਿਕਾਰੀ ਏ ਐਸ ਆਈ ਕੁਲਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕ ਅਤੇ ਹੈਪੀ ਦੋਵਾਂ ਖਿਲਾਫ ਪਹਿਲਾਂ ਵੀ ਥਾਣਾ ਸਦਰ ਵਿੱਚ ਕਈ ਕੇਸ ਦਰਜ ਹਨ। ਇਸ ਮਾਮਲੇ ਵਿੱਚ ਵੀ ਹੈਪੀ ਅਤੇ ਉਸ ਦੇ ਪੰਜ ਅਣਪਛਾਤੇ ਸਾਥੀਆਂ ਖਿਲਾਫ ਕਤਲ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਗਈ ਹੈ।

ਸਵੱਛਤਾ ਪੱਖਵਾੜਾ 2 ਤੱਕ ਚੱਲੇਗਾ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ) -ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਗਰ ਕੌਂਸਲ ਭੋਗਪੁਰ ਵੱਲੋਂ ਸਵੱਛਤਾ ਪੱਖਵਾੜਾ ਚਲਾਇਆ ਜਾ ਰਿਹਾ ਹੈ, ਜੋ ਕਿ 15 ਸਤੰਬਰ ਤੋਂ 2 ਅਕਤੂਬਰ ਤੱਕ ਚਲੇਗਾ। ਕਾਰਜ ਸਾਧਕ ਅਫਸਰ ਰਾਜੀਵ ਕੁਮਾਰ ਉਬਰਾਏ ਦੀ ਅਗਵਾਈ ਵਿੱਚ ਇੱਕ ਰੋਜ਼ਾ, ਸਫਾਈ ਮਿੱਤਰਾ, ਸੁਰੱਖਿਆ ਸ਼ਿਵਰ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਸਾਰੇ ਸਫਾਈ ਸੇਵਕਾਂ ਦਾ ਮੈਡੀਕਲ ਚੈੱਕਅਪ ਕੀਤਾ ਗਿਆ ਤੇ ਨਾਲ ਹੀ ਉਹਨਾਂ ਨੂੰ ਸੁਰੱਖਿਆ ਵਾਸਤੇ ਪੀ. ਪੀ. ਈ ਕਿੱਟਾਂ ਵੀ ਵੰਡੀਆਂ ਗਈਆਂ। ਇਸ ਕੈਂਪ ਵਿੱਚ ਡਾਕਟਰ ਸੁਮੀਤ ਕੁਮਾਰ, ਡਾਕਟਰ ਰੰਜਨਾ ਕੁਮਾਰੀ, ਅਮਰਜੀਤ ਕੌਰ (ਲੈਬ ਤਕਨੀਸ਼ੀਅਨ), ਵਿਜੇ ਕੁਮਾਰ (ਮਲਟੀਪਰਪਸ ਹੈਲਥ ਵਰਕਰ) ਅਤੇ ਨਗਰ ਕੌਂਸਲ ਭੋਗਪੁਰ ਵਿਚੋਂ ਸੁਨੀਤਾ ਰਾਣੀ (ਸੀ. ਐਫ), ਰੋਹਿਤ ਨਿਨਦਾਨਿਆ (ਮੋਟੀਵੇਟਰ), ਵਿਸ਼ਾਲ ਮੋਟੀਵੇਟਰ ਸ਼ਾਮਿਲ ਸਨ।

ਵਿਦਿਆਰਥੀਆਂ ਨੂੰ ਪਰਾਲੀ ਨੂੰ ਅੱਗ ਲਗਾਉਣ ਦੀਆਂ ਹਾਨੀਆਂ ਬਾਰੇ ਦੱਸਿਆ

ਧਾਰੀਵਾਲ, ਕਾਹਨੂੰਵਾਨ, (ਮਨਦੀਪ ਸਿੰਘ ਵਿੱਕੀ)-ਨੈਸ਼ਨਲ ਗਰੀਨ ਟ੍ਰਿਬਿਊਨਲ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਜਾਗਰੂਕ ਅਤੇ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸੇ ਜਾਗਰੂਕਤਾ ਮੁਹਿੰਮ ਤਹਿਤ ਬਲਾਕ ਕਾਹਨੂੰਵਾਨ ਦੇ ਖੇਤੀਬਾੜੀ ਅਫ਼ਸਰ ਡਾ. ਦਿਲਬਾਗ ਸਿੰਘ ਦੀ ਅਗਵਾਈ ਹੇਠ ਪਿੰਡ ਜਾਗੋਵਾਲ ਬੇਟ ਦੇ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਵਿਖੇ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਸਬੰਧੀ ਵਿਸ਼ੇਸ਼ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ। ਖੇਤੀਬਾੜੀ ਅਫ਼ਸਰ ਡਾ. ਦਿਲਬਾਗ ਸਿੰਘ ਨੇ ਵਿਦਿਆਰਥੀਆਂ ਨੂੰ ਪਰਾਲੀ ਨੂੰ ਅੱਗ ਲਗਾਉਣ ਦੇ ਨੁਕਸਾਨਾਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣੀ ਜਿਥੇ ਜ਼ਮੀਨ ਦੀ ਸਿਹਤ ਲਈ ਨੁਕਸਾਨਦਾਇਕ ਹੈ ਓਥੇ ਇਹ ਮਨੁੱਖਾਂ ਅਤੇ ਹੋਰ ਜੀਵ-ਜੰਤੂਆਂ ਲਈ ਵੀ ਬੇਹੱਦ ਹਾਨੀਕਾਰਕ ਹੈ। ਉਨ੍ਹਾਂ ਕਿਹਾ ਕਿ ਪਰਾਲੀ ਦੀ ਸੰਭਾਲ ਵਿਗਿਆਨਿਕ ਢੰਗ ਅਤੇ ਖੇਤੀ ਸੰਦਾਂ ਨਾਲ ਬੜੀ ਅਸਾਨੀ ਨਾਲ ਕੀਤੀ ਜਾ ਸਕਦੀ ਹੈ। ਇਸ ਮੌਕੇ ਵਿਦਿਆਰਥੀਆਂ ਨੂੰ ਪ੍ਰਣ ਦਿਵਾਇਆ ਗਿਆ ਕਿ ਉਹ ਘਰਾਂ ਵਿੱਚ ਜਾ ਕੇ ਆਪਣੇ ਮਾਪਿਆਂ ਅਤੇ ਆਸ-ਪਾਸ ਦੇ ਲੋਕਾਂ ਨੂੰ ਵੀ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਜਾਗਰੂਕ ਤੇ ਪ੍ਰੇਰਿਤ ਕਰਨਗੇ।ਇਸ ਮੌਕੇ ਖੇਤੀਬਾੜੀ ਵਿਸਥਾਰ ਅਫ਼ਸਰ ਅਮਨਦੀਪ ਕੌਰ ਅਤੇ ਖੇਤੀਬਾੜੀ ਸਬ ਇੰਸਪੈਕਟਰ ਰਜਵਿੰਦਰ ਕੌਰ ਵੱਲੋਂ ਸਕੂਲ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਗਿਆ।

ਸਿੰਘ ਸਭਾ ਲਹਿਰ ਦੇ ਇਤਿਹਾਸ ਨੂੰ ਹਰ ਪੱਖ ਤੋਂ ਮੌਲਿਕ ਤੌਰ 'ਤੇ ਕਲਮਬੰਦ ਕੀਤਾ ਜਾਵੇਗਾ : ਧਾਮੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੰਘ ਸਭਾ ਲਹਿਰ ਸਬੰਧੀ ਹਰ ਪੱਖ ਤੋਂ ਮੌਲਿਕ ਖੋਜ ਕਾਰਜ ਕਰਵਾ ਕੇ ਇਕ ਪੁਸਤਕ ਸੰਗ੍ਰਹਿਤ ਕਰੇਗੀ, ਜਿਸ ਵਿਚ ਲਹਿਰ ਨਾਲ ਸਬੰਧਤ ਹਰ ਕੌਮੀ ਨਾਇਕ ਬਾਰੇ ਵਿਸਥਾਰਤ ਜਾਣਕਾਰੀ ਅਤੇ ਸਿੰਘ ਸਭਾ ਦੇ ਪਿਛੋਕੜ, ਇਤਿਹਾਸ, ਕਾਰਜ ਅਤੇ ਪ੍ਰਾਪਤੀਆਂ ਦਾ ਜ਼ਿਕਰ ਹੋਵੇਗਾ। ਇਹ ਐਲਾਨ ਸਿੰਘ ਸਭਾ ਲਹਿਰ ਦੇ 150 ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ ਖਾਲਸਾ ਕਾਲਜ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਆਯੋਜਿਤ ਕੀਤੇ ਗਏ ਵਿਸ਼ੇਸ਼ ਸੈਮੀਨਾਰ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ। ਇਸ ਸੈਮੀਨਾਰ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਅਤੇ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਦੇ ਸੰਬੋਧਨ ਤੋਂ ਇਲਾਵਾ ਸਿੱਖ ਵਿਦਵਾਨ ਡਾ. ਹਰਭਜਨ ਸਿੰਘ ਦੇਹਰਾਦੂਨ ਅਤੇ ਡਾ. ਇੰਦਰਜੀਤ ਸਿੰਘ ਗੋਗੋਆਣੀ ਵੱਲੋਂ ਖੋਜ ਭਰਪੂਰ ਪਰਚੇ ਪੜ੍ਹੇ ਗਏ। ਸੈਮੀਨਾਰ ਮੌਕੇ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਦੇ ਪ੍ਰਿੰ. ਡਾ. ਮਹਿਲ ਸਿੰਘ ਨੇ ਸਵਾਗਤੀ ਸ਼ਬਦ ਕਹੇ ਅਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਮੰਚ ਸੰਚਾਲਨ ਕੀਤਾ। ਇਸ ਮੌਕੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਮੰਗਵਿੰਦਰ ਸਿੰਘ ਖਾਪੜਖੇੜੀ, ਗੁਰਮੀਤ ਸਿੰਘ ਬੂਹ, ਭਾਈ ਅਜਾਇਬ ਸਿੰਘ ਅਭਿਆਸੀ, ਸੁਖਵਰਸ਼ ਸਿੰਘ ਪੰਨੂ, ਪ੍ਰਿੰ. ਡਾ. ਮਹਿਲ ਸਿੰਘ, ਓਐਸਡੀ ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਬਿਜੈ ਸਿੰਘ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ, ਸ਼ਾਹਬਾਜ਼ ਸਿੰਘ, ਸਾਬਕਾ ਸਕੱਤਰ ਪ੍ਰੋ. ਬਲਵਿੰਦਰ ਸਿੰਘ ਜੌੜਾਸਿੰਘਾ, ਸ਼੍ਰੋਮਣੀ ਕਮੇਟੀ ਦੇ ਬੁਲਾਰੇ ਹਰਭਜਨ ਸਿੰਘ ਵਕਤਾ, ਸੁਪ੍ਰਿੰਟੈਂਡੈਂਟ ਰਾਜਿੰਦਰ ਸਿੰਘ ਰੂਬੀ, ਪ੍ਰੋ. ਬਲਜਿੰਦਰ ਸਿੰਘ, ਸੁਖਦੇਵ ਸਿੰਘ ਸੰਧਾਵਾਲੀਆ, ਸਕਾਲਰ ਡਾ. ਰਾਜਵਿੰਦਰ ਸਿੰਘ ਜੋਗਾ, ਪ੍ਰਿੰ. ਮਨਜੀਤ ਕੌਰ, ਡਾ. ਆਤਮ ਸਿੰਘ ਰੰਧਾਵਾ, ਡਾ. ਹਰਦੇਵ ਸਿੰਘ, ਗੁਰਚਰਨ ਸਿੰਘ ਭੂਰਾ, ਪ੍ਰਿੰ. ਰਾਜਪਾਲ ਸਿੰਘ, ਇੰਚਾਰਜ. ਕਰਤਾਰ ਸਿੰਘ, ਬਲਵਿੰਦਰ ਸਿੰਘ ਦਿਉਲ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ ਆਦਿ ਹਾਜ਼ਰ ਸਨ।

ਸਹੋਦਿਆ ਬੈਸਟ ਅਧਿਆਪਕ ਐਵਾਰਡ ਨਾਲ ਸਨਮਾਨਤ

ਟਾਂਗਰਾ (ਲਾਡੀ ਮੱਲ੍ਹੀ)- ਤਰਨਾ ਦਲ ਨਿਹੰਗ ਜਥੇਬੰਦੀ ਦੀ ਚੱਲ ਰਹੀ ਸੀ ਬੀ ਐਸ ਈ ਸੰਸਥਾ ਸ੍ਰੀ ਗੁਰੂ ਹਰਿਗੋਬਿੰਦ ਪਬਲਿਕ ਸਕੂਲ ਮੱਲੀਆਂ ਦੇ ਪ੍ਰਿੰਸੀਪਲ ਡਾ. ਪਲਵਿੰਦਰ ਪਾਲ ਸਿੰਘ ਤੇ ਅਧਿਆਪਕ ਰੁਬਿੰਦਰ ਕੌਰ ਨੂੰ ਵਧੀਆ ਸੇਵਾਵਾਂ ਨਿਭਾਉਣ ਤੇ ਸਹੋਦਿਆ ਬੈਸਟ ਅਧਿਆਪਕ ਐਵਾਰਡ ਨਾਲ ਸਨਮਾਨਤ ਕੀਤਾ। ਇਸ ਵਾਰ ਇਹ ਐਵਾਰਡ ਡੀ ਪੀ ਐਸ ਸਕੂਲ ਅੰਮ੍ਰਿਤਸਰ ਵਿਖੇ ਮੁੱਖ ਮਹਿਮਾਨ ਵਜੋਂ ਪਹੁੰਚੇ ਗੁਰਜੀਤ ਸਿੰਘ ਔਜਲਾ ਮੈਂਬਰ ਪਾਰਲੀਮੈਂਟ ਨੇ ਤਕਸੀਮ ਕੀਤੇ ਤੇ ਵਧਾਈ ਦਿੱਤੀ। ਡਾ. ਪਲਵਿੰਦਰ ਪਾਲ ਸਿੰਘ ਤੇ ਅਧਿਆਪਕਾਂ ਦੀ ਵਧੀਆ ਕਾਰਗੁਜ਼ਾਰੀ ਤੇ ਤਰਨਾ ਦਲ ਦੇ ਸੋਲ੍ਹਵੇਂ ਮੌਜੂਦਾ ਮੁਖੀ ਬਾਬਾ ਜੋਗਾ ਸਿੰਘ ਨੇ ਵਧਾਈ ਦਿੱਤੀ ਤੇ ਸੱਚਖੰਡ ਵਾਸੀ ਬਾਬਾ ਗੱਜਣ ਸਿੰਘ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਪ੍ਰੇਰਿਤ ਕੀਤਾ

ਤਿਉਹਾਰਾਂ ਦੌਰਾਨ ਲੋਕਾਂ ਦੀ ਘੁੰਮਣ-ਘੁਮਾਉਣ ਦੀ ਰੁਚੀ ਵਧ ਜਾਂਦੀ ਹੈ: ਕਾਇਕ

ਚੰਡੀਗੜ੍ਹ : ਦੁਨੀਆ ਦੇ ਮੋਹਰੀ ਯਾਤਰਾ ਖੋਜ ਇੰਜਣ ਕਾਇਕ ਦੀ ਨਵੀਂ ਖਪਤਕਾਰ ਖੋਜ ਦੇ ਅਨੁਸਾਰ ਆਉਣ ਵਾਲੇ ਮਹੀਨਿਆਂ ਵਿੱਚ ਦੀਵਾਲੀ ਦੇ ਤਿਉਹਾਰਾਂ ਦੀ ਮਿਆਦ ਆਉਣ ਦੇ ਨਾਲ ਭਾਰਤੀਆਂ ਵਿੱਚ ਯਾਤਰਾ ਦੀ ਰੁਚੀ ਵੱਧ ਰਹੀ ਹੈ। 1,200 ਭਾਰਤੀਆਂ ਦੀ ਕਾਇਕ ਖਪਤਕਾਰ ਖੋਜ ਵਿੱਚ ਪਾਇਆ ਗਿਆ ਹੈ ਕਿ ਭਾਰਤੀ ਨਵਰਾਤਰਿਆਂ ਅਤੇ ਦੁਸਹਿਰੇ ਤੋਂ ਸ਼ੁਰੂ ਹੁੰਦੀ ਅਤੇ ਦੀਵਾਲੀ ਅਤੇ ਭਾਈ ਦੂਜ ਤੱਕ ਚੱਲਣ ਵਾਲੀ ਇਸ ਤਿਉਹਾਰਾਂ ਦੀ ਮਿਆਦ ਦੌਰਾਨ ਯਾਤਰਾਵਾਂ ਸ਼ੁਰੂ ਕਰਨ ਲਈ ਉਤਸੁਕ ਹਨ। ਸਰਵੇਖਣ ਕੀਤੇ ਗਏ 5 ਵਿੱਚੋਂ 3 (60%) ਤਿਉਹਾਰ ਯਾਤਰਾ ਦੀ ਮਿਆਦ ਵਿੱਚ ਅੰਤਰਰਾਸ਼ਟਰੀ ਯਾਤਰਾ ਕਰਨ ਦਾ ਇਰਾਦਾ ਰੱਖਦੇ ਹਨ।

ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਨੇ ਬਿਜਲੀ ਦਫਤਰ 'ਚ ਬੂਟੇ ਲਗਾਏ

ਤਰਨ ਤਾਰਨ (ਨਜ਼ਸ)-ਬਿਜਲੀ ਕਾਮਿਆਂ ਅਤੇ ਪੈਨਸ਼ਨਰਾਂ ਦੇ ਆਗੂਆਂ ਨੇ ਪਾਵਰਕਾਮ ਅਤੇ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਦੇ ਸਥਾਨਕ ਦਫਤਰ ਵਿੱਚ ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਲਈ ਫਲਦਾਰ ਅਤੇ ਛਾਂਦਾਰ ਬੂਟੇ ਲਗਾ ਕੇ ਸਮਾਜ ਪ੍ਰਤੀ ਬਣਦੀ ਜ਼ਿੰਮੇਵਾਰੀ ਨਿਭਾਈ। ਇਸ ਮੌਕੇ ਬਿਜਲੀ ਕਾਮਿਆਂ ਦੀ ਏਟਕ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਦੇ ਵਿਸ਼ੇਸ਼ ਉਪਰਾਲੇ ਨਾਲ ਬੂਟਿਆਂ ਦੀ ਨਰਸਰੀ ਤੋਂ ਵੱਖ-ਵੱਖ ਬੂਟੇ ਆਂਵਲਾ, ਅਮਰੂਦ, ਨਿੰਬੂ, ਸੁਹੱਜਣਾ, ਨਿੰਮ, ਹਾਰਸ਼ੰਗਾਰ, ਕੜ੍ਹੀਪੱਤਾ ਤੋਂ ਇਲਾਵਾ ਫੁੱਲਾਂ ਵਾਲੇ ਬੂਟੇ ਖਰੀਦ ਕੇ ਪੈਨਸ਼ਨਰ ਯੂਨੀਅਨ ਦੇ ਸਰਕਲ ਸਕੱਤਰ ਨਰਿੰਦਰ ਬੇਦੀ, ਖਜ਼ਾਨਚੀ ਰਾਕੇਸ਼ ਕੁਮਾਰ ਮਲਹੋਤਰਾ ਅਤੇ ਠੇਕੇਦਾਰ ਬਿਕਰਮਜੀਤ ਸਿੰਘ, ਅਰਜਨ ਪ੍ਰਸਾਦ ਦੇ ਸਹਿਯੋਗ ਨਾਲ ਲਗਾਏ ਗਏ ਬੂਟਿਆਂ ਨੂੰ ਪਾਲਣ ਪੋਸ਼ਣ ਦਾ ਅਹਿਦ ਲੈਂਦੇ ਹੋਏ ਹਰੇਕ ਮਨੁੱਖ ਨੂੰ ਘੱਟੋ-ਘੱਟ ਇੱਕ ਰੁੱਖ ਲਗਾਉਣ ਦਾ ਸੱਦਾ ਦਿੱਤਾ। ਇਸ ਮੌਕੇ ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਤਾਰਾ ਸਿੰਘ ਖਹਿਰਾ, ਸੁਖਦੇਵ ਸਿੰਘ ਚਾਹਲ, ਸਿਮਰਨਜੀਤ ਸਿੰਘ ਮੰਡਲ ਲੇਖਾਕਾਰ, ਸਹਾਇਕ ਪਲਵਿੰਦਰ ਸਿੰਘ ਨੇ ਇਸ ਸ਼ਾਨਦਾਰ ਉਪਰਾਲੇ ਦੀ ਭਰਪੂਰ ਪ੍ਰਸੰਸਾ ਕੀਤੀ।

ਗਵਰਨਰ ਨੇ ਮਾਈ ਭਾਗੋ ਸਰਕਾਰੀ ਬਹੁ-ਤਕਨੀਕੀ ਕਾਲਜ ਲੜਕੀਆਂ ਨੂੰ 'ਆਊਟਸਟੈਂਡਿੰਗ ਇੰਸਟੀਚਿਊਟ ਐਵਾਰਡ' ਨਾਲ ਕੀਤਾ ਸਨਮਾਨਤ

ਅਜਨਾਲਾ, (ਸੁਖਤਿੰਦਰ ਸਿੰਘ ਰਾਜੂ) -ਮਾਈ ਭਾਗੋ ਸਰਕਾਰੀ ਬਹੁਤਕਨੀਕੀ ਕਾਲਜ ਲੜਕੀਆਂ, ਅੰਮ੍ਰਿਤਸਰ ਨੂੰ ਮਾਣਯੋਗ ਗਵਰਨਰ ਬਨਵਾਰੀ ਲਾਲ ਪ੍ਰੋਹਿਤ ਦੁਆਰਾ "ਆਊਟਸਟੈਂਡਿੰਗ ਇੰਸਟੀਚਿਊਟ ਐਵਾਰਡ" ਨਾਲ ਸਨਮਾਨਤ ਕੀਤਾ ਗਿਆ। ਇਹ ਐਵਾਰਡ ਨੋਰਥ ਜ਼ੋਨ ਦੀਆਂ 8 ਸਟੇਟਸ ਅਤੇ 2 ਕੇਂਦਰ ਸ਼ਾਸਤ ਪ੍ਰਦੇਸ਼ਾਂ 'ਚੋਂ ਪ੍ਰਾਪਤ ਹੋਇਆ। ਇਸ ਉਪਰੰਤ ਸੰਸਥਾ ਦੇ ਪ੍ਰਿੰਸੀਪਲ ਪਰਮਬੀਰ ਸਿੰਘ ਮੱਤੇਵਾਲ ਨੇ ਕਿਹਾ ਕਿ ਇਹ ਸਨਮਾਨ ਪ੍ਰਾਪਤ ਕਰਨਾ ਸੰਸਥਾ ਲਈ ਬੜੀ ਮਾਣ ਵਾਲੀ ਗੱਲ ਹੈ। ਇਸ ਮੌਕੇ ਉਨ੍ਹਾਂ ਨੇ ਮਾਣਯੋਗ ਗਵਰਨਰ ਸਾਹਿਬ ਅਤੇ ਮਾਈ ਭਾਗੋ ਦੀ ਸਮੁੱਚੀ ਟੀਮ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਦੱਸਿਆ ਕਿ ਇਹ

23-Sep-PAGE-4.qxd 9/22/2023 10:20 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 23 ਸਤੰਬਰ 2023

ਦਾਅਵੇ ਤੇ ਹਕੀਕਤ

ਜੀ-20 ਦਿੱਲੀ ਸਿਖ਼ਰ ਸੰਮੇਲਨ ਦੇ ਐਲਾਨਨਾਮੇ ਵਿੱਚ ਕਿਹਾ ਗਿਆ ਸੀ ਕਿ ਅਸੀਂ ਅਜਿਹਾ ਸਮਾਵੇਸ਼ੀ ਵਿਕਾਸ ਮਾਡਲ ਅਪਣਾਵਾਂਗੇ ਜਿਸ ਨਾਲ ਗਰੀਬੀ ਦਾ ਖਾਤਮਾ ਹੋ ਜਾਵੇਗਾ। ਇਸ ਦਾਅਵੇ ਦਾ ਸੱਚ ਇਹ ਹੈ ਕਿ 2022 ਵਿੱਚ ਦੇਸ਼ ਦੇ ਅਰਬਪਤੀਆਂ ਦੀ ਦੌਲਤ ਵਿੱਚ 46 .ਫ਼ੀਸਦੀ ਦਾ ਵਾਧਾ ਹੋਇਆ, ਜਦੋਂ ਕਿ ਹੇਠਲੇ ਪਰਵਾਰਾਂ ਦੀ ਬੱਚਤ ਪਿਛਲੇ 50 ਸਾਲਾਂ ਦੇ ਨੀਵੇਂ ਪੱਧਰ ਤੱਕ ਪੁੱਜ ਚੁੱਕੀ ਹੈ। ਆਰਥਿਕ ਅਸਮਾਨਤਾ ਦੀ ਹਾਲਤ ਇਹ ਹੈ ਕਿ ਸਿਰਫ਼ 5 .ਫ਼ੀਸਦੀ ਅਮੀਰਾਂ ਕੋਲ ਦੇਸ਼ ਦੀ 60 .ਫ਼ੀਸਦੀ ਦੌਲਤ ਹੈ ਤੇ ਦੂਜੇ ਪਾਸੇ ਆਮ ਅਬਾਦੀ ਵਾਲੇ ਪਰਵਾਰਾਂ ਦੀ ਬੱਚਤ 2022-23 ਵਿੱਚ ਜੀ ਡੀ ਪੀ ਦੇ 5.1 .ਫ਼ੀਸਦੀ ਤੱਕ ਸਿਮਟ ਗਈ ਹੈ। ਇਸ ਤੋਂ ਪਹਿਲੇ ਸਾਲ ਇਹ 7.2 ਫ਼ੀਸਦੀ ਤੇ ਉਸ ਤੋਂ ਪਹਿਲੇ ਸਾਲ 11.5 ਫ਼ੀਸਦੀ ਸੀ।

ਰਿਜ਼ਰਵ ਬੈਂਕ ਆਫ਼ ਇੰਡੀਆ ਦੀ ਰਿਪੋਰਟ ਮੁਤਾਬਕ ਘਰੇਲੂ ਬੱਚਤ ਘੱਟ ਹੋਣ ਨਾਲ ਆਮ ਪਰਵਾਰਾਂ ਉੱਤੇ ਵਿੱਤੀ ਬੋਝ ਵੀ ਵਧ ਰਿਹਾ ਹੈ। ਇਹ ਬੋਝ ਪਿਛਲੇ ਵਰ੍ਹੇ 3.8 .ਫ਼ੀਸਦੀ ਤੋਂ ਵਧ ਕੇ 5.8 .ਫ਼ੀਸਦੀ ਹੋ ਚੁੱਕਾ ਹੈ। ਇੱਕ ਪਾਸੇ ਬੱਚਤ ਵਿੱਚ ਕਮੀ ਤੇ ਦੂਜੇ ਪਾਸੇ ਮਹਿੰਗਾਈ ਤੇ ਵਧੇ ਖਰਚਿਆਂ ਨੇ ਦੇਸ਼ ਦੇ ਮੱਧ-ਵਰਗ ਤੇ ਗਰੀਬ ਪਰਵਾਰਾਂ ਦਾ ਲੱਕ ਤੋੜ ਦਿੱਤਾ ਹੈ। ਇਸ ਰਿਪੋਰਟ ਦੇ ਪ੍ਰਕਾਸ਼ਤ ਹੋਣ ਤੋਂ ਬਾਅਦ ਵਿੱਤ ਵਿਭਾਗ ਨੇ ਸਪੱਸ਼ਟੀਕਰਨ ਦਿੱਤਾ ਕਿ ਅਰਥਵਿਵਸਥਾ ਦੀ ਹਾਲਤ ਅਜਿਹੀ ਨਹੀਂ ਹੈ, ਜਿਸ ਤਰ੍ਹਾਂ ਦੀ ਰਿਪੋਰਟ ਵਿੱਚ ਦੱਸੀ ਗਈ ਹੈ। ਉਸ ਨੇ ਕਿਹਾ ਕਿ ਅਸਲ ਵਿੱਚ ਮੱਧ-ਵਰਗੀ ਪਰਵਾਰ ਕਾਰਾਂ ਤੇ ਘਰ ਖਰੀਦ ਰਹੇ ਹਨ, ਇਸ ਕਰਕੇ ਇਹ ਅੰਕੜੇ ਆਏ ਹਨ। ਪਰ ਜਿਹੜੇ ਅੰਕੜੇ ਵਿੱਤ ਵਿਭਾਗ ਵੱਲੋਂ ਜਾਰੀ ਕੀਤੇ ਗਏ ਹਨ, ਉਹ ਤਾਂ ਮੱਧ ਵਰਗ ਦੀ ਬਦਹਾਲੀ ਨੂੰ ਹੀ ਪ੍ਰਗਟ ਕਰ ਕਰ ਰਹੇ ਹਨ। ਵਿੱਤ ਵਿਭਾਗ ਅਨੁਸਾਰ 2020-21 ਵਿੱਚ ਇਨ੍ਹਾਂ ਪਰਵਾਰਾਂ ਨੇ 22.8 ਲੱਖ ਕਰੋੜ ਦੀਆਂ ਜਾਇਦਾਦਾਂ ਖਰੀਦੀਆਂ ਸਨ, 2021-22 ਵਿੱਚ ਇਹ ਅੰਕੜਾ ਘਟ ਕੇ 17 ਲੱਖ ਕਰੋੜ ਤੇ 2022-23 ਵਿੱਚ 13.8 ਲੱਖ ਕਰੋੜ ਤੱਕ ਪੁੱਜ ਗਿਆ ਹੈ।

ਹੁਣ ਲਓ ਬੇਰੁਜ਼ਗਾਰੀ ਦੀ ਗੱਲ, ਅਜ਼ੀਮ ਪ੍ਰੇਮਜੀ ਯੂਨੀਵਰਸਿਟੀ ਦੀ ਰਿਪੋਰਟ ਅਨੁਸਾਰ 25 ਸਾਲ ਤੱਕ ਦੇ ਗਰੈਜੂਏਟਾਂ ਦੀ ਬੇਰੁਜ਼ਗਾਰੀ ਦਰ 42.3 .ਫ਼ੀਸਦੀ, 25 ਤੋਂ 29 ਤੱਕ ਦੇ ਗਰੈਜੂਏਟਾਂ ਤੇ ਉੱਚ ਵਿੱਦਿਆ ਪ੍ਰਾਪਤ ਦੀ ਬੇਰੁਜ਼ਗਾਰੀ ਦਰ 22.8 .ਫ਼ੀਸਦੀ ਤੇ 25 ਸਾਲ ਦੀ ਉਮਰ ਤੋਂ ਘੱਟ ਵਾਲੇ ਸੈਕੰਡਰੀ ਪਾਸ ਨੌਜਵਾਨਾਂ ਦੀ ਬੇਰੁਜ਼ਗਾਰੀ ਦਰ 21.4 .ਫ਼ੀਸਦੀ ਤੱਕ ਪੁੱਜ ਚੁੱਕੀ ਹੈ। ਖੇਤੀ ਖੇਤਰ ਵਿੱਚ ਔਰਤਾਂ ਦੀ ਹਿੱਸੇਦਾਰੀ ਵੀ ਘੱਟ ਹੋ ਰਹੀ ਹੈ। ਸੰਨ 2022 ਵਿੱਚ ਖੇਤੀ ਖੇਤਰ ਵਿੱਚ 69.1 .ਫ਼ੀਸਦੀ ਔਰਤਾਂ ਦੀ ਹਿੱਸੇਦਾਰੀ ਸੀ ਜਦੋਂ ਕਿ ਇਸ ਤੋਂ ਪਹਿਲੇ ਸਾਲ ਇਹ 72.4 .ਫ਼ੀਸਦੀ ਸੀ।

ਹੁਣੇ ਜਿਹੇ ਜਰਮਨੀ ਵਿੱਚ ਕੀਤੇ ਗਏ ਇੱਕ ਅਧਿਐਨ ਵਿੱਚ ਕਿਹਾ ਗਿਆ ਹੈ ਕਿ ਭਰਮਾਊ ਵਾਅਦਿਆਂ ਰਾਹੀਂ ਸੱਤਾ ਵਿੱਚ ਆਈਆਂ ਸਰਕਾਰਾਂ ਅਰਥਵਿਵਸਥਾ ਨੂੰ ਕਮਜ਼ੋਰ ਕਰ ਦਿੰਦੀਆਂ ਹਨ। ਇਸ ਅਧਿਐਨ ਵਿੱਚ 1900 ਤੋਂ ਲੈ ਕੇ 2020 ਤੱਕ 50 ਦੇਸ਼ਾਂ ਦੀਆਂ ਸਰਕਾਰਾਂ ਦੀਆਂ ਅਰਥਵਿਵਸਥਾ ਸੰਬੰਧੀ ਨੀਤੀਆਂ ਦੀ ਪੜਚੋਲ ਕੀਤੀ ਗਈ ਹੈ। ਅਧਿਐਨ ਮੁਤਾਬਕ ਅਜਿਹੀਆਂ ਸਰਕਾਰਾਂ 15 ਸਾਲਾਂ ਵਿੱਚ ਹੀ ਦੇਸ਼ ਦੀ ਅਰਥਵਿਵਸਥਾ ਤੇ ਜੀਵਨ ਪੱਧਰ ਨੂੰ 10 .ਫ਼ੀਸਦੀ ਹੇਠਾਂ ਡੇਗ ਦਿੰਦੀਆਂ ਹਨ।

ਅਧਿਐਨ ਵਿੱਚ ਕਿਹਾ ਹੈ ਕਿ ਇਸ ਸਮੇਂ ਦੁਨੀਆ ਦੇ 25 .ਫ਼ੀਸਦੀ ਤੋਂ ਵੱਧ ਦੇਸ਼ਾਂ ਵਿੱਚ ਅਜਿਹੀਆਂ ਸਰਕਾਰਾਂ ਹਨ। ਇਹ ਸਰਕਾਰਾਂ ਆਮ ਨਾਲੋਂ ਵੱਧ ਸਮੇਂ ਤੱਕ ਰਾਜ ਕਰਦੀਆਂ ਹਨ। ਇਹ ਸੰਵਿਧਾਨਕ ਤੇ ਵਿੱਤੀ ਸੰਸਥਾਵਾਂ ਨੂੰ ਗੁਲਾਮ ਬਣਾ ਲੈਂਦੀਆਂ ਹਨ। ਅਧਿਐਨ ਅਨੁਸਾਰ ਅਜਿਹੀਆਂ ਸਰਕਾਰਾਂ ਸਿਗਰਟ ਵਾਂਗ ਕੰਮ ਕਰਦੀਆਂ ਹਨ। ਸ਼ੁਰੂ ਵਿੱਚ ਇਸ ਦੇ ਕਸ਼ ਚੰਗੇ ਲਗਦੇ ਹਨ, ਇਹ ਜੋਸ਼ ਭਰਦੀ ਹੈ, ਪਰ ਆਖਰ ਵਿੱਚ ਜਾਨ ਲੈ ਲੈਂਦੀ ਹੈ। ਇਹੋ ਹੀ ਅੱਜ ਸਾਡੇ ਦੇਸ਼ ਵਿੱਚ ਹੋ ਰਿਹਾ ਹੈ।

ਪੁਆੜੇ ਸਿਆਸਤਾਂ ਦੇ

ਹੁੰਦੇ ਹੋਰ ਹੀ 'ਮਿਸ਼ਨ' ਕੋਈ ਹਾਕਮਾਂ ਦੇ,
ਤੀਰ ਬਿਆਨਾਂ ਦੇ ਹੋਧਰ ਨੂੰ ਚੱਲਦੇ ਨੇ।
ਅਰਥਚਾਰਾ ਵਿਉਪਾਰ ਪ੍ਰਮੁੱਖ ਮਸਲੇ,
ਲੀਹ 'ਤੇ ਪਾਉਣ ਲਈ ਪੈਂਤੜੇ ਮੱਲਦੇ ਨੇ।
ਲੱਗੇ ਜੰਗ ਜਾਂ ਤਲਖੀਆਂ ਹੋਣ ਪੈਦਾ,
ਇਨ੍ਹਾਂ ਲਈ 'ਤਰੀਕੇ' ਇਹ ਹੱਲ ਦੇ ਨੇ।
ਵੋਟਾਂ ਮਾਂਠ ਕੇ ਗੱਦੀਆਂ ਮੱਲ ਬਹਿੰਦੇ,
'ਆਮ ਲੋਕ' ਮੁਸੀਬਤਾਂ ਝੱਲਦੇ ਨੇ।
'ਧਰਤੀ ਮਾਂ' ਏ ਸਾਰੀ ਮਨੁੱਖਤਾ ਦੀ,
ਇਸ ਨੂੰ ਵੰਡਿਆ ਪਿਆ ਰਿਆਸਤਾਂ ਨੇ।
ਕਿਸੇ ਕਾਲ ਦਾ ਫੋਲ ਇਤਿਹਾਸ ਦੇਖੋ,
ਪਾਏ ਰੰਗ ਵਿੱਚ ਭੰਗ ਸਿਆਸਤਾਂ ਨੇ।

-ਤਰਲੋਚਨ ਸਿੰਘ 'ਦੁਪਾਲਪੁਰ', 001-408-915-1268

ਹੁਕਮਰਾਨਾਂ ਵੱਲੋਂ ਦੇਸ਼ ਵਾਸੀਆਂ ਦੇ ਪਿੰਡੇ ਤੇ ਰੂਹਾਂ ਝੁਲਸਾਉਣ ਦੇ ਕੋਝੇ ਯਤਨ

ਮੰਗਤ ਰਾਮ ਪਾਸਲਾ

ਦੇ ਸਮੁੱਚੇ ਵਾਤਾਵਰਣ, ਭਾਵ ਕਿ ਰਾਜਨੀਤਕ, ਸਮਾਜਿਕ, ਵਿਚਾਰਧਾਰਕ, ਸੱਭਿਆਚਾਰਕ ਹਰ ਖੇਤਰ 'ਚ ਬੇਵਿਸਾਹੀ ਤੇ ਨਫਰਤ ਦੀ ਵਿਸ਼ ਘੋਲੀ ਜਾ ਰਹੀ ਹੈ। ਤਨ-ਮਨ ਠਾਰਦੀਆਂ ਸਾਂਝੀਵਾਲਤਾ ਤੇ ਮੁਹੱਬਤ ਦੀਆਂ ਠੰਢੀਆਂ ਹਵਾਵਾਂ ਨੂੰ ਫਿਰਕਾਪ੍ਰਸਤੀ ਦੀ ਤਪਦੀ ਲੂ 'ਚ ਲਪੇਟ ਕੇ ਦੇਸ਼ ਵਾਸੀਆਂ ਦੇ ਪਿੰਡੇ ਤੇ ਰੂਹਾਂ ਝੁਲਸਾਉਣ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਸਦੀਆਂ ਤੋਂ ਆਪਸੀ ਮੇਲ-ਜੋਲ ਨਾਲ ਘੁੱਗ ਵਸਦੇ ਆ ਰਹੇ ਗੁਆਂਢੀਆਂ ਵਿਚਕਾਰ ਬੇਭਰੋਸਗੀ ਦੀ ਲਕੀਰ ਖਿੱਚਣ ਦੀਆਂ ਸਾਜ਼ਿਸ਼ਾਂ ਨੂੰ ਸਿਰੇ ਚਾੜ੍ਹਨ 'ਚ ਜੁਟਿਆ ਹੋਇਆ ਹੈ ਦੇਸ਼ ਦੇ ਵਰਤਮਾਨ ਹੁਕਮਰਾਨਾਂ ਦਾ ਕੁਨਬਾ। ਮੰਦਰਾਂ, ਮਸਜਿਦਾਂ ਤੇ ਗਿਰਜਾ ਘਰਾਂ ਨੂੰ ਮਿਲਾਉਣ ਵਾਲੀ 'ਸੰਪਰਕ ਸੜਕ' 'ਚ ਫਿਰਕੂ ਫੁੱਟ ਰੂਪੀ ਟੋਏ ਪੁੱਟ ਕੇ ਅਲਹਿਦਗੀ ਦੇ ਕੰਡੇ ਬੀਜੇ ਜਾ ਰਹੇ ਹਨ ਤਾਂ ਜੋ ਰਾਮ ਨੌਮੀ ਦੇ ਪਵਿੱਤਰ ਤਿਉਹਾਰ ਮੌਕੇ ਕੋਈ 'ਮੁਹੰਮਦ' ਜਾਂ 'ਜੋਸਫ' ਕਿਸੇ ਮੰਦਰ ਜਾਂ ਸ਼ਿਵ ਦਵਾਲੇ ਦੀ ਸਰਦਲ 'ਤੇ ਨਤਮਸਤਕ ਨਾ ਹੋ ਸਕੇ ਜਾਂ ਫਿਰ 'ਈਦ ਮੁਬਾਰਕ' ਕਹਿ ਕੇ ਕੋਈ 'ਰਾਮੂ' ਜਾਂ 'ਵਿਲੀਅਮ' ਆਪਣੇ ਜਿਗਰੀ ਯਾਰ ਕਿਸੇ 'ਰਹੀਮ' ਨੂੰ ਪਿਆਰ ਗਲਵੱਕੜੀ 'ਚ ਨਾ ਲੈ ਲਵੇ! ਕ੍ਰਿਸਮਸ ਤਾਂ ਪਹਿਲਾਂ ਹੀ 'ਵਿਦੇਸ਼ੀ ਪਰਵ' ਐਲਾਨੀ ਜਾ ਚੁੱਕੀ ਹੈ ਫੁੱਟ ਪਾਉਣ ਦੇ ਮਾਹਰ ਇਨ੍ਹਾਂ ਸਾਮਰਾਜੀ ਹੱਥ ਠੋਕਿਆਂ ਵੱਲੋਂ।

ਔਰਤ ਨੂੰ 'ਤਾੜਨ' ਦੀ ਭਾਗੀ ਬਣਾਉਣ ਲਈ ਨਵੀਂ 'ਮਰਿਆਦਾ' ਘੜ ਲਈ ਹੈ ਮੰਨੂ ਦੇ ਇਨ੍ਹਾਂ 'ਆਧੁਨਿਕ' ਪੈਰੋਕਾਰਾਂ ਨੇ। ਸ਼ਾਇਦ ਕੰਨਾਂ 'ਚ ਸਿੱਕਾ ਢਾਲਣ ਤੇ ਪਿੱਠ ਪਿੱਛੇ 'ਛਿੰਵਾਂ' ਬੰਨ੍ਹਣ ਦਾ ਭੱਦਾ ਵਰਤਾਰਾ ਹੁਣ ਓਸ ਰੂਪ ਵਿਚ ਤਾਂ ਮੁੜ ਦੇਖਣ ਨੂੰ ਨਾ ਮਿਲੇ, ਪ੍ਰੰਤੂ 'ਨਾਗਪੁਰੀ ਪ੍ਰਚਾਰਕਾਂ' ਨੇ ਲੋਕਾਈ ਦੇ 'ਸੱਚੇ ਸੇਵਕਾਂ', ਭੂਮੀ ਪੁੱਤਰ ਦਲਿਤਾਂ ਨੂੰ ਉਨ੍ਹਾਂ ਦੀ 'ਅਸਲ' ਥਾਂ ਦਿਖਾਉਣ ਯਾਨੀ ਉਨ੍ਹਾਂ ਦੀ ਸਮਾਜੀ ਹੈਸੀਅਤ 'ਪੈਰ ਦੀ ਜੁੱਤੀ' ਸਮਾਨ ਹੋਣ ਦਾ ਅਹਿਸਾਸ ਕਰਵਾਉਣ ਦੀ ਆਪਣੀ ਅਮਾਨਵੀ ਸੋਚ 'ਚੋਂ ਉਪਜੀ ਸਾਜ਼ਿਸ਼ੀ ਵਿਉਤਬੰਦੀ ਹੋਰ ਵੀ ਪ੍ਰਚੰਡ ਕਰ ਲਈ ਹੈ। ਸਿਵਿਆਂ (ਸ਼ਮਸ਼ਾਨ ਘਾਟਾਂ) ਤੇ ਜਲ ਸਰੋਤਾਂ ਦੀ ਵੰਡ ਤਾਂ ਸਦੀਆਂ ਤੋਂ 'ਬਾਦਸਤੂਰ' ਤੁਰੀ ਹੀ ਆ ਰਹੀ ਹੈ, ਪ੍ਰੰਤੂ ਹੁਣ ਤਾਂ 'ਨਾਨਕ, ਕਬੀਰ ਤੇ ਰਵਿਦਾਸ' ਜੀ ਦੀ ਬਾਣੀ ਨਾਲ ਸੰਜੋਏ ਧਾਰਮਕ ਸਥਾਨਾਂ ਦੀ ਮੁੜ ਕਤਾਰਬੰਦੀ ਕੀਤੇ ਜਾਣ ਦੀਆਂ ਕਨਸੋਆਂ ਵੀ ਆ ਰਹੀਆਂ ਹਨ। ਇਹ ਖਬਰਾਂ ਐਵੇਂ ਝੂਠੀ ਘੁਸਮੁਸ ਨਹੀਂ, ਬਲਕਿ 'ਸਨਾਤਨੀ ਆਚਾਰੀਆਂ' ਵੱਲੋਂ ਸਿਰਜੀ ਜਾਣ ਵਾਲੀ ਨਵੀਂ ਸਮਾਜਿਕ ਵਿਵਸਥਾ ਦਾ ਨਮੂਨਾ ਹੈ, ਜਿਸ ਦਾ ਖਾਕਾ ਸੰਘੀਆਂ ਨੇ ਬੜੀ ਚਤੁਰਾਈ ਨਾਲ ਲੋਕਾਂ ਸਾਹਮਣੇ ਪੇਸ਼ ਕਰ ਦਿੱਤਾ ਗਿਆ ਹੈ। ਐਪਰ, ਇਹ ਤੱਥ ਮਾਣ ਕਰਨ ਯੋਗ ਹੈ ਕਿ ਦਲਿਤਾਂ ਦੀ ਅਜੋਕੀ ਯੁਵਾ ਪੀੜ੍ਹੀ ਇਨ੍ਹਾਂ ਮੰਨੂੰਵਾਦੀ ਜ਼ੁਲਮਾਂ ਨੂੰ 'ਰੱਬ ਦਾ ਭਾਨਾ' ਮੰਨ ਕੇ ਸਿਰ ਝੁਕਾਉਂਦਿਆਂ ਇੰਨ-ਬਿੰਨ ਕਬੂਲ ਕਰਨ ਨੂੰ ਤਿਆਰ ਨਹੀਂ। ਪਰ ਇਸ ਸੁਵੱਲੀ ਭਾਵਨਾ ਨੂੰ ਜਮਹੂਰੀ ਲੀਹਾਂ 'ਤੇ ਸੂਤਰਬੱਧ ਕਰਦਿਆਂ ਵਿਸ਼ਾਲ ਕਿਰਤੀ ਲਹਿਰ ਦਾ ਹਿੱਸਾ ਬਨਾਉਣ ਦਾ ਕਾਰਜ ਹਾਲੇ ਵੀ ਉਥੇ ਦਾ ਉਥੇ ਹੀ ਖੜ੍ਹਾ ਹੈ।

ਇਸ ਖਿੱਤੇ ਦੇ ਲੋਕ ਬੁੱਧ ਧਰਮ, ਸੂਫ਼ੀ ਮੱਤ ਤੇ ਭਗਤੀ ਲਹਿਰ ਦੀਆਂ ਪੈੜਾਂ ਖੋਜ ਰਹੇ ਹਨ, ਪ੍ਰੰਤੂ ਹੰਕਾਰੀ ਰਾਜਸ਼ਾਹੀ 'ਨਾਨਕ ਬਾਣੀ' ਦੀ ਪ੍ਰਸੰਗਕਤਾ ਨੂੰ ਮਿਟਾਉਣ ਲਈ ਆਪਣੀ ਪੂਰੀ ਵਾਹ ਲਾ ਰਹੀ ਹੈ। ਸ਼ਹੀਦ-ਇ-ਆਜ਼ਮ ਭਗਤ ਸਿੰਘ ਦੇ ਸਾਂਝੀਵਾਲਤਾ, ਬਰਾਬਰਤਾ ਤੇ ਆਜ਼ਾਦੀ ਦੇ ਵਿਚਾਰਾਂ ਦੀ ਜਗਮਗਾਉਂਦੀ ਰੌਸ਼ਨੀ ਰਾਹੀਂ ਹਨੇਰਿਆਂ ਨੂੰ ਚੀਰ ਕੇ ਖੂਬਸੂਰਤ ਸਮਾਜ ਦੀ ਸਿਰਜਣਾ ਕਰਨ 'ਚ ਰੁੱਝ ਲੋਕਾਂ ਉਪਰ ਹਕੂਮਤੀ ਸੂਹੀਆਂ ਵੱਲੋਂ ਬਾਜ਼ ਨਜ਼ਰਾਂ ਰੱਖੀਆਂ ਜਾ ਰਹੀਆਂ ਹਨ ਤੇ ਦੇਸ਼ ਦੀ ਆਜ਼ਾਦੀ ਲਈ ਸਭ ਕੁਝ ਨਿਸ਼ਵਾਰ ਕਰਨ ਵਾਲੇ ਯੋਧਿਆਂ ਦੀਆਂ ਵਾਰਿਸ ਅਜੋਕੀਆਂ ਨਸਲਾਂ ਨੂੰ ਸਾਮਰਾਜ ਦੇ 'ਗੋਲੇ' ਦੇਸ਼ ਧ੍ਰੋਹੀ ਵਰਗੇ ਇਲਜ਼ਾਮਾਂ ਨਾਲ 'ਨਿਵਾਜ਼' ਰਹੇ ਹਨ।

ਉਪਰੋਕਤ ਛੜਯੰਤਰ 'ਚ ਰੁਝੇ ਹੁਕਮਰਾਨਾਂ, ਦਰਬਾਰੀਆਂ ਤੇ ਉਨ੍ਹਾਂ ਦੇ ਜ਼ਰਖਰੀਦ ਕਲਮਕਾਰਾਂ ਦੀ ਕਾਰਕਰਦਗੀ ਬਾਰੇ ਲੋਕਾਂ ਲਈ ਜੂਝ ਮਰਨ ਵਾਲਿਆਂ ਨੂੰ ਨਾ ਕੋਈ ਅਫਸੋਸ ਹੈ, ਨਾ ਕੋਈ ਪ੍ਰਵਾਹ ਤੇ ਨਾ ਹੀ ਉਹ ਇਨ੍ਹਾਂ ਦਾ ਕਿਸੇ ਕਿਸਮ ਦਾ ਕੋਈ ਭੈਅ ਮੰਨਦੇ ਹਨ। ਗਿਲਾ ਤੇ ਫਿਕਰਮੰਦੀ ਤਾਂ ਦੇਸ਼ ਦੇ ਉਨ੍ਹਾਂ ਕਰੋੜਾਂ ਲੋਕਾਂ ਪ੍ਰਤੀ ਹੈ, ਜਿਨ੍ਹਾਂ ਦੀ ਭੂਰੀ 'ਤੇ ਇਹ ਸਾਰਾ ਇਕੱਠ ਕੀਤਾ ਜਾ ਰਿਹਾ ਹੈ। ਹਾਕਮ ਟੋਲੇ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਨੂੰ ਆਸਥਾ ਦੀ ਮੂਰਤੀ ਵਜੋਂ ਪੇਸ਼ ਕਰ ਕੇ ਵਿਚਾਰਾਂ ਤੋਂ ਸੱਖਣਾ ਬਣਾ ਕੇ ਪੇਸ਼ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਅਫਸੋਸ ! ਉਹ ਲੋਕ, ਜਿਨ੍ਹਾਂ ਲਈ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੂੰ ਜੀਵਨ ਭਰ ਸੰਘਰਸ਼ ਕਰਦਿਆਂ ਅਨੇਕਾਂ ਕਿਸਮ ਦੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ ਤੇ ਬੇਓੜਕ ਸ਼ਰਮਿੰਦਗੀਆਂ ਝੱਲਣ ਲਈ ਮਜਬੂਰ ਹੋਣਾ ਪਿਆ, ਅੱਜ ਡੌਰ-ਭੌਰ ਹੋਏ ਘਰੋ-ਘਰੀ ਦੜ ਵੱਟੀ ਬੈਠੇ ਇਸ ਮਨੂੰਵਾਦੀ ਕੁਚਾਲ ਨੂੰ ਪੂਰ ਚੜ੍ਹਦਾ ਦੇਖੀ ਜਾ ਰਹੇ ਹਨ। ਉਨ੍ਹਾਂ ਦੀ ਚੁੱਪ ਤੇ ਉਦਾਸੀਨਤਾ ਠੀਕ ਉਸੇ ਤਰ੍ਹਾਂ ਦੀ ਹੈ, ਜਿਵੇਂ ਸਮੁੰਦਰ ਕੰਢੇ ਬੈਠਾ ਕੋਈ ਗਾਫ਼ਲ ਵਿਅਕਤੀ ਸੁਨਾਮੀ ਦੇ ਕਹਿਰ ਤੋਂ ਬੇਖ਼ਬਰ ਰੇਤੇ 'ਚ ਉੱਕਰੇ ਹਰਫ਼ਾਂ ਜਾਂ ਬਾਲੂ ਦੇ ਘਰੌਂਦਿਆਂ ਨਾਲ ਖੇਡ ਰਿਹਾ ਹੋਵੇ। ਜਿਨ੍ਹਾਂ 'ਰਹਿਬਰਾਂ' ਨੇ ਜਾਤਪਾਤ ਦੇ ਵਿਤਕਰੇ ਅਤੇ ਜ਼ੁਲਮਾਂ ਦੇ ਝੰਬੇ ਤੇ ਆਰਥਿਕ ਪੱਖ ਤੋਂ ਹਾਸ਼ੀਏ 'ਤੇ ਧੱਕ ਦਿੱਤੇ ਗਏ ਦਲਿਤ ਤੇ ਪੱਛੜੇ ਸਮਾਜ ਦੀ ਬਿਹਤਰੀ ਲਈ ਜ਼ਿੰਦਗੀ ਭਰ ਲੜਨ ਦੇ 'ਪ੍ਰਣ' ਕੀਤੇ ਸਨ, ਉਨ੍ਹਾਂ ਬੇਵਸ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਕੇ ਆਪਣੀ ਰਾਜਨੀਤਕ ਪੈਂਠ ਬਣਾ ਲਈ ਹੈ ਤੇ ਹੁਣ ਉਹ ਜਾਂ ਤਾਂ ਸ਼ੈਤਾਨੀ ਘੇਸਲ ਮਾਰੀ ਬੈਠੇ ਹਨ ਜਾਂ ਫਿਰ ਉਨ੍ਹਾਂ ਫਰੇਬੀ ਦੁਸ਼ਟਾਂ ਸੰਗ ਜਾ ਰਲੇ ਹਨ, ਜਿਨ੍ਹਾਂ ਨੇ ਦਲਿਤਾਂ ਨੂੰ ਇਨਸਾਨ ਸਮਝਣ ਤੋਂ ਵੀ ਹਮੇਸ਼ਾ ਇਨਕਾਰ ਕੀਤਾ ਹੈ। ਇੱਥੇ ਹੀ ਬੱਸ ਨਹੀਂ, ਨਿਪੁੰਸਕ ਸੋਚ ਤੇ ਅਕਿਰਤਘਣ ਕਿਰਦਾਰ ਵਾਲੇ ਦਲਿਤਾਂ ਦੇ ਇਨ੍ਹਾਂ ਕਥਿਤ 'ਨੇਤਾਵਾਂ' ਨੇ ਅਨੇਕਾਂ ਵਾਰ ਦੁਸ਼ਮਣਾਂ ਦੀ ਝੋਲੀ 'ਚ ਬਹਿ ਕੇ ਸੱਤਾ ਦੇ ਝੂਟੇ ਵੀ ਲਏ ਹਨ। ਇਹ ਲੋਕ ਦੋਣਾਚਾਰੀਆਂ ਵੱਲੋਂ ਗੁਰੂ ਦਕਸ਼ਣਾ ਵਜੋਂ ਕੀਤੀ ਗਈ 'ਏਕਲਵਯ' ਦਾ ਅੰਗੂਠਾ ਕੱਟ ਕੇ ਦਿੱਤੇ ਜਾਣ ਦੀ ਅਨੈਤਿਕ ਮੰਗ ਨੂੰ ਉੱਕਾ ਹੀ ਵਿਸਾਰੀ ਬੈਠੇ ਹਨ ਤੇ ਅੱਜ ਦੇ 'ਦਰੋਣਾਚਾਰੀਆ' ਦੇ ਕ੍ਰਿਪਾ ਪਾਤਰ 'ਰਾਜ ਪੁੱਤਰਾਂ' ਦੀ ਟੋਲੀ ਦੇ ਸੰਗੀ-ਸਾਥੀ ਬਣ ਬੈਠੇ ਹਨ। ਵਿਦਿਆ ਪ੍ਰਾਪਤ ਕਰਨ ਤੇ ਜਾਇਦਾਦ ਖਰੀਦਣ ਵਰਗੇ ਨਿੱਜੀ ਅਧਿਕਾਰਾਂ ਤੋਂ ਵੰਚਿਤ ਕਰਨ ਵਾਲੇ ਕਰਮਕਾਂਡੀ ਧਰਮਾਂ ਤੇ ਪਿਛਾਖੜੀ ਰਸਮਾਂ-ਰਿਵਾਜ਼ਾਂ ਦਾ ਵਿਰੋਧ ਕਰਨ ਦਾ ਆਪਣਾ ਪਰਮ ਕਰਤੱਵ ਦਲਿਤ ਸਮਾਜ ਦੇ ਇਨ੍ਹਾਂ "ਭੱਦਰ ਪੁਰਸ਼ ਰਾਹ ਦਸੇਰਿਆਂ" ਨੇ ਇਸ ਲਈ ਚਿਰੋਕਣਾ ਤਿਆਗ ਦਿੱਤਾ ਹੈ ਤਾਂ ਜੋ ਉਹ ਤੇ ਉਨ੍ਹਾਂ ਦੀਆਂ ਅਗਲੇਰੀਆਂ ਨਵ ਧਨਾਢ ਪੁਸ਼ਤਾਂ 'ਸ਼ਹਿਨਸ਼ਾਹ' ਦੀ ਕਰੋਪੀ ਦਾ ਸ਼ਿਕਾਰ ਹੋਣ ਤੋਂ ਬਚੀਆਂ ਰਹਿ ਸਕਣ। ਮਨੂੰਵਾਦੀਆਂ ਵੱਲੋਂ ਬੱਚਿਆਂ, ਔਰਤਾਂ, ਬਜ਼ੁਰਗਾਂ ਭਾਵ ਸਾਰੇ ਦਲਿਤ ਸਮਾਜ ਨੂੰ ਗੁਲਾਮੀ ਦੀਆਂ ਜੰਜ਼ੀਰਾਂ 'ਚ ਹੋਰ ਸਖ਼ਤੀ ਨਾਲ ਨੂੜਨ ਦੇ ਬਾਨਣੂੰ ਬੰਨ੍ਹੇ ਜਾ ਰਹੇ ਹਨ, ਪ੍ਰੰਤੂ ਉਹ ਸੱਭੇ ਨਾਮ ਨਿਹਾਦ 'ਨੇਤਾ', 'ਸੰਤ', 'ਬੁੱਧੀਜੀਵੀ' ਸ਼ੈਤਾਨੀ ਚੁੱਪ ਵੱਟੀ ਬੈਠੇ ਹਨ, ਜੋ ਕਦੀ ਦਲਿਤ ਸਮਾਜ ਦੇ ਰਹਿਨੁਮਾ ਹੋਣ ਦਾ ਸੁਆਂਗ ਰਚਿਆ ਕਰਦੇ ਸਨ। ਦਲਿਤ ਸਮਾਜ ਨੂੰ ਇਕਮੁੱਠ ਹੋ ਕੇ ਇਨ੍ਹਾਂ ਨਾਮ ਨਿਹਾਦ 'ਦਲਿਤ ਨੇਤਾਵਾਂ' ਨੂੰ ਮਜ਼ਬੂਰ ਕਰਨਾ ਚਾਹੀਦਾ ਹੈ ਕਿ ਉਹ ਆਰ.ਐੱ

23-SEP-PAGE-5.qxd 9/22/2023 9:37 PM Page 1

ਸੰਯੁਕਤ ਕਿਸਾਨ ਮੋਰਚੇ ਵੱਲੋਂ ਹੜ੍ਹਾਂ ਕਾਰਨ ਨੁਕਸਾਨ ਦੇ ਮੁਆਵਜ਼ੇ ਲਈ ਡੀ ਸੀ ਦਫਤਰਾਂ 'ਤੇ ਧਰਨੇ

ਸਮਰਾਲਾ (ਸੁਰਜੀਤ ਸਿੰਘ)

ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਜਨਰਲ ਸਕੱਤਰ ਹਰਿੰਦਰ ਸਿੰਘ ਲੱਖੋਵਾਲ ਨੇ ਪ੍ਰੈਸ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਸੰਯੁਕਤ ਕਿਸਾਨ ਮੋਰਚੇ ਦੀ ਕਾਲ 'ਤੇ ਸਾਰੇ ਪੰਜਾਬ ਦੇ ਜ਼ਿਲ੍ਹਾ ਹੈਡਕੁਆਟਰਾਂ ਤੇ ਡੀ.ਸੀ ਤੇ ਐੱਸ.ਡੀ.ਐੱਮ ਰਾਹੀਂ ਕੇਂਦਰ ਤੇ ਪੰਜਾਬ ਸਰਕਾਰ ਨੂੰ ਹੜ੍ਹ ਪੀੜਤ ਲੋਕਾਂ ਵਾਸਤੇ ਮੁਆਵਜ਼ੇ ਲਈ ਧਰਨੇ ਲਾ ਕੇ ਮੰਗ ਪੱਤਰ ਦਿੱਤੇ ਗਏ।

ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਪੰਜਾਬ ਅੰਦਰ ਹੜ੍ਹਾਂ ਨੇ ਭਿਆਨਕ ਤਬਾਹੀ ਕੀਤੀ ਹੈ। ਪੰਜਾਬ 'ਚ ਦਰਿਆਵਾਂ, ਨਦੀਆਂ, ਡਰੇਨਾਂ ਵਿੱਚ ਵਧੇ ਪਾਣੀ ਨੇ ਕਈ ਥਾਵਾਂ 'ਤੇ ਓਵਰਫਲੋ ਹੋ ਕੇ ਅਤੇ ਕਈ ਥਾਵਾਂ 'ਤੇ ਬੰਨ੍ਹ ਤੋੜ ਕੇ ਹੜ੍ਹਾਂ ਨੇ ਵਿਆਪਕ ਤਬਾਹੀ ਮਚਾਈ ਹੈ। ਲੱਖਾਂ ਏਕੜ ਫਸਲ ਬਰਬਾਦ ਹੋ ਗਈ ਹੈ। ਹਜ਼ਾਰਾਂ ਏਕੜ ਜ਼ਮੀਨ ਮਿੱਟੀ ਅਤੇ ਰੇਤ ਭਰਨ ਕਾਰਨ ਨੁਕਸਾਨੀ ਗਈ ਹੈ। ਬਹੁਤ ਸਾਰੇ ਕਿਸਾਨਾਂ ਦੇ ਟਿਊਬਵੈੱਲ ਨੁਕਸਾਨੇ ਗਏ ਹਨ। ਲੋਕਾਂ ਦੇ ਜਾਨ-ਮਾਲ ਦਾ ਭਾਰੀ ਨੁਕਸਾਨ ਹੋਇਆ ਹੈ। ਭਾਵੇਂ ਕਿ ਪੰਜਾਬ ਸਰਕਾਰ ਨੇ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਕੀਤੇ ਸਨ ਪਰ ਇਨ੍ਹਾਂ ਉੱਪਰ ਅਮਲ ਸੁਸਤ ਰਫਤਾਰ ਨਾਲ ਹੋਇਆ ਹੈ। ਲੱਖੋਵਾਲ ਨੇ ਕਿਹਾ ਕਿ ਅਸੀਂ ਕੇਂਦਰ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਇਨ੍ਹਾਂ ਹੜ੍ਹਾਂ ਨੂੰ ਫੈਰੀ ਕੌਮੀ ਆਫਤ ਐਲਾਨ ਕਰਕੇ ਪੰਜਾਬ ਨੂੰ ਦਸ ਹਜ਼ਾਰ ਕਰੋੜ ਰੁਪਏ ਦਾ ਰਾਹਤ ਪੈਕੇਜ ਦੇਵੇ। ਪੰਜਾਬ ਸਰਕਾਰ ਵਿਸ਼ੇਸ਼ ਗਿਰਦਾਵਰੀ ਦੇ ਕੀਤੇ ਹੁਕਮਾਂ 'ਤੇ ਅਮਲ ਯਕੀਨੀ ਬਣਾਵੇ ਅਤੇ ਫਸਲ ਦਾ ਯੋਗ ਮੁਆਵਜ਼ਾ ਦਿੱਤਾ ਜਾਵੇ। ਕੇਂਦਰ ਤੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਵਿੱਚ ਸ਼ਾਮਲ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਸਮਝਦੀਆਂ ਹਨ ਕਿ ਹੜ੍ਹ ਕੁਦਰਤੀ ਕਰੋਪੀ ਨਾਲੋਂ ਪ੍ਰਬੰਧ ਦੀ ਕਰੋਪੀ ਜ਼ਿਆਦਾ ਹੈ। ਸੰਯੁਕਤ ਕਿਸਾਨ ਮੋਰਚਾ ਇਸ ਮੰਗ ਪੱਤਰ ਰਾਹੀਂ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਆਗਾਹ ਕਰਦਾ ਹੈ ਕਿ ਜੇਕਰ ਦੋਵੇਂ ਸਰਕਾਰਾਂ ਨੇ ਹੜ੍ਹ ਪੀੜਤਾਂ ਦੀਆਂ ਮੰਗਾਂ ਨੂੰ ਮੰਨਣ ਅਤੇ ਢੁੱਕਵਾਂ ਰਾਹਤ ਮੁਆਵਜ਼ਾ ਦੇਣ ਵਿੱਚ ਕੋਈ ਵੀ ਢਿੱਲਮੱਠ ਦਿਖਾਈ ਤਾਂ ਸੰਯੁਕਤ ਕਿਸਾਨ ਮੋਰਚਾ ਅਗਲੇ ਸੰਘਰਸ਼ ਲਈ ਕੋਈ ਸਖਤ ਕਦਮ ਚੁੱਕਣ ਲਈ ਮਜਬੂਰ ਹੋਵੇਗਾ।

ਪੋਸਟ ਗਰੈਜੂਏਟ ਦਾਖ਼ਲਿਆਂ ਲਈ ਜ਼ੀਰੋ ਪ੍ਰਤੀਸ਼ਤ ਕੱਟਆਫ ਨੂੰ ਘਟਾਉਣ ਵਾਲੇ ਆਰਡਰ ਵਾਪਸ ਲੈਣ ਦੀ ਮੰਗ

ਲੁਧਿਆਣਾ (ਐਮ ਐਸ ਭਾਟੀਆ/ਰੈਕਟਰ ਕਥੂਰੀਆ)-ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈਡੀਪੀਡੀ) ਨੇ ਪੋਸਟ ਗ੍ਰੈਜੂਏਟ ਦਾਖਲਿਆਂ ਲਈ ਕੱਟ ਆਫ਼ ਪਰਸੈਂਟਾਈਲ ਨੂੰ ਜ਼ੀਰੋ ਕਰਨ ਦੇ ਨੈਸ਼ਨਲ ਮੈਡੀਕਲ ਕਮਿਸ਼ਨ ਦੇ ਫੈਸਲੇ ਦਾ ਗੰਭੀਰ ਨੋਟਿਸ ਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਪਿਛਲੇ ਤਿੰਨ ਸਾਲਾਂ ਵਿੱਚ ਮੈਡੀਕਲ ਕਾਲਜਾਂ ਵਿੱਚ ਲਗਭਗ 9700 ਪੀ ਜੀ ਸੀਟਾਂ ਖਾਲੀ ਪਈਆਂ ਹਨ। ਕਾਰਨ ਇਹ ਦੱਸਿਆ ਗਿਆ ਹੈ ਕਿ ਇਹ ਸੀਟਾਂ ਦਾਖਲੇ ਲਈ ਕੱਟ ਆਫ ਕਾਰਨ ਖਾਲੀ ਹਨ, ਜੋ ਕਿ ਸਿਰਫ 20% ਸੀ। ਇਹ ਵਿਵਾਦ ਸਹੀ ਨਹੀਂ ਹੈ। ਆਈ ਡੀ ਪੀਡੀ ਦੇ ਪ੍ਰਧਾਨ ਡਾਕਟਰ ਅਰੁਣ ਮਿੱਤਰਾ ਤੇ ਜਨਰਲ ਸਕੱਤਰ ਡਾ ਸਕੀਲ ਉਰ ਰਹਿਮਾਨ ਨੇ ਕਿਹਾ ਕਿ ਦਰਅਸਲ, ਉੱਚ ਫ਼ੀਸਾਂ ਦੇ ਢਾਂਚੇ ਕਾਰਨ ਬਹੁਤ ਸਾਰੇ ਵਿਦਿਆਰਥੀ ਪ੍ਰਾਈਵੇਟ ਕਾਲਜਾਂ ਵਿੱਚ ਦਾਖਲਾ ਨਹੀਂ ਲੈ ਪਾਉਂਦੇ ਹਨ। ਪਰ ਹੁਣ ਉੱਚ ਆਮਦਨੀ ਵਾਲੇ ਵਿਦਿਆਰਥੀਆਂ ਨੂੰ ਪੀਜੀ ਸੀਟਾਂ ਮਿਲਣਗੀਆਂ, ਭਾਵੇਂ ਉਹ ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਨਹੀਂ ਕਰਦੇ ਹਨ। ਇਹ ਵਿਡੰਬਨਾ ਹੈ ਕਿ ਪ੍ਰਾਈਵੇਟ ਮੈਡੀਕਲ ਕਾਲਜਾਂ ਦੀ ਗਿਣਤੀ ਸਰਕਾਰੀ ਮੈਡੀਕਲ ਕਾਲਜਾਂ ਦੇ ਲਗਭਗ ਬਰਾਬਰ ਹੋ ਗਈ ਹੈ ਅਤੇ ਉਹ ਮੋਟੀਆਂ ਫ਼ੀਸਾਂ ਵਸੂਲ ਰਹੇ ਹਨ। ਇਨ੍ਹਾਂ ਵਿੱਚੋਂ ਕਈ ਕਾਲਜਾਂ ਦਾ ਬੁਨਿਆਦੀ ਢਾਂਚਾ ਮਾੜਾ ਹੈ। ਇਸ ਸਮੱਸਿਆ ਨਾਲ ਨਜਿੱਠਣ ਲਈ ਅਤੇ ਵਿਦਿਆਰਥੀਆਂ ਦੀ ਗੁਣਵੱਤਾ ਦੀ ਜਾਂਚ ਕਰਨ ਲਈ ਸਰਕਾਰ ਨੇ ਐਮਬੀਬੀਐਸ ਦੀ ਫਾਈਨਲ ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਲਈ ਐਗਜ਼ਿਟ ਟੈਸਟ ਕਰਾਉਣ ਦਾ ਫੈਸਲਾ ਕੀਤਾ ਹੈ। ਨਵੇਂ ਕਾਲਜਾਂ ਦੀ ਉਸਾਰੀ ਬੰਦ ਕੀਤੀ ਜਾਵੇ ਤੇ ਮੌਜੂਦਾ ਕਾਲਜਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜਬੂਤ ਕੀਤਾ ਜਾਵੇ। ਇਹ ਜ਼ਰੂਰੀ ਹੈ ਕਿ ਮੈਡੀਕਲ ਕਾਲਜਾਂ ਵਿੱਚ ਪੋਸਟ ਗ੍ਰੈਜੂਏਟ ਅਤੇ ਅੰਡਰ ਗ੍ਰੈਜੂਏਟ ਦੋਵਾਂ ਪੱਧਰਾਂ 'ਤੇ ਉੱਚ ਪੱਧਰੀ ਸਿੱਖਿਆ ਪ੍ਰਦਾਨ ਕੀਤੀ ਜਾਵੇ। ਇਸ ਫ਼ੈਸਲੇ ਨਾਲ ਸੀਟਾਂ ਭਰਨ ਦੇ ਨਾਂਅ 'ਤੇ ਉਨ੍ਹਾਂ ਦੀ ਗੁਣਵੱਤਾ 'ਤੇ ਮਾੜਾ ਅਸਰ ਪਵੇਗਾ। ਇਸ ਲਈ ਇਸ ਨੂੰ ਵਾਪਸ ਲਿਆ ਜਾਵੇ।

ਫਿਰੌਤੀ ਨਾ ਦੇਣ 'ਤੇ ਗੈਂਗਸਟਰਾਂ ਨੇ ਚਲਾਈ ਦੁਕਾਨਦਾਰ 'ਤੇ ਗੋਲੀ

ਜ਼ੀਰਾ (ਨਰਿੰਦਰ ਅਨੇਜਾ)

ਕੁਝ ਦਿਨ ਪਹਿਲਾਂ ਇੱਕ ਔਰਤ ਕੋਲੋਂ ਗਲ਼ ਵਿੱਚ ਪਾਈ ਸੋਨੇ ਦੀ ਚੈਨ ਲੁਟੇਰੇ ਖੋਹਣ ਲੱਗੇ ਹੋਏ ਸੀ। ਉਸ ਦੇ ਨਜ਼ਦੀਕ ਦੁਕਾਨਦਾਰ ਵਿੱਕੀ ਨਾਰੰਗ ਨਾਂਅ ਦੇ ਵਿਅਕਤੀ ਨੇ ਉਸ ਔਰਤ ਨੂੰ ਬਚਾਉਣਾ ਚਾਹਿਆ ਤਾਂ ਲੁਟੇਰੇ ਨੇ ਉਸ ਉੱਪਰ ਵੀ ਜਾਨਲੇਵਾ ਹਮਲਾ ਕਰ ਦਿੱਤਾ ਸੀ, ਜੋ ਕੁੱਝ ਦਿਨ ਸਿਰ ਵਿੱਚ ਸੱਟ ਵੱਜਣ ਕਾਰਨ ਹਸਪਤਾਲ ਵਿੱਚ ਦਾਖਲ ਵੀ ਰਿਹਾ ਸੀ ਤੇ ਆਏ ਦਿਨ ਗੈਂਗਸਟਰਾਂ ਵੱਲੋਂ ਦੁਕਾਨਦਾਰਾਂ ਕੋਲੋਂ ਫਿਰੌਤੀ ਦੀ ਮੰਗ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਇਹ ਕੁਝ ਦਿਨ ਪਹਿਲਾਂ ਰਾਜ ਕੁਮਾਰ ਪੁੱਤਰ ਵੇਦ ਪ੍ਰਕਾਸ਼ ਕੋਲੋਂ ਜੋ ਬਸਤੀ ਮਾਛੀਆਂ ਵਿਖੇ ਕਰਿਆਨੇ ਦੀ ਦੁਕਾਨ ਕਰਦਾ ਹੈ। ਗੈਂਗਸਟਰਾਂ ਨੇ 15 ਲੱਖ ਦੀ ਮੰਗ ਕੀਤੀ, ਕਿਉਂਕਿ ਉਹ ਮੁਹੱਲੇ ਵਿੱਚ ਛੋਟਾ ਦੁਕਾਨਦਾਰ ਹੋਣ ਕਾਰਨ ਏਨੀ ਵੱਡੀ ਰਕਮ ਗੈਂਗਸਟਰਾਂ ਨੂੰ ਦੇਣ ਵਿੱਚ ਅਸਮਰੱਥ ਸੀ ਤਾਂ ਉਸ ਨੇ ਪੁਲਸ ਦਾ ਆਸਰਾ ਲੈਣਾ ਸਹੀ ਸਮਝਿਆ। ਜਿਸ ਤਹਿਤ ਉਸ ਨੇ ਤਿੰਨ ਦਿਨ ਪਹਿਲਾਂ ਪੁਲਸ ਸਟੇਸ਼ਨ ਜੀਰਾ ਵਿਖੇ ਗੈਂਗਸਟਰਾਂ ਵੱਲੋਂ ਜੋ ਬਾਹਰਲੇ ਮੁਲਕਾਂ ਦੇ ਨੰਬਰਾਂ 'ਤੇ ਪਰਵਾਰ ਵਾਲਿਆਂ ਨੂੰ ਫੋਨ ਆਉਂਦਾ ਸੀ। ਉਨ੍ਹਾਂ ਵਿਰੁੱਧ ਦਰਖਾਸਤ ਦੇ ਦਿੱਤੀ ਪਰ ਪੁਲਸ ਨੇ ਦਰਖਾਸਤ ਨੂੰ ਜ਼ਿਆਦਾ ਗੰਭੀਰਤਾ ਨਾਲ ਨਹੀਂ ਲਿਆ। ਸ਼ਾਇਦ ਉਹ ਕਿਸੇ ਵੱਡੇ ਹਾਦਸੇ ਦੀ ਉਡੀਕ ਕਰ ਰਹੀ ਸੀ। ਉਸ ਦੇ ਸਿੱਟੇ ਵਜੋਂ ਦੋ ਮੋਟਰਸਾਈਕਲ 'ਤੇ ਦੇਰ ਰਾਤ ਆਏ ਦੋ ਗੈਂਗਸਟਰ ਦੁਕਾਨਦਾਰ ਤੇ ਮੁਹੱਲੇ ਵਿੱਚ ਉਸ ਉੱਪਰ ਸ਼ਰੇਆਮ ਗੋਲੀ ਚਲਾ ਦਿੱਤੀ। ਦੁਕਾਨਦਾਰ ਨੇ ਭੱਜ ਕੇ ਆਪਣੀ ਜਾਨ ਬਚਾਈ। ਇਸ ਵਾਰਦਾਤ ਨਾਲ ਸਾਰੇ ਜੀਰਾ ਸ਼ਹਿਰ ਵਿੱਚ ਸਹਿਮ ਦਾ ਮਾਹੌਲ ਹੈ।

ਗੈਂਗਸਟਰਾਂ ਵੱਲੋਂ ਗੋਲੀ ਚਲਾਉਣ ਵਾਲੇ ਦੁਕਾਨਦਾਰ ਤੇ ਕਰਿਆਨਾ ਯੂਨੀਅਨ ਪੰਜਾਬ ਵਾਇਸ ਪ੍ਰਧਾਨ ਜਾਣਕਾਰੀ ਦਿੰਦੇ ਹੋਏ।

ਕਰਿਆਨਾ ਯੂਨੀਅਨ ਪੰਜਾਬ ਦੇ ਵਾਈਸ ਪ੍ਰਧਾਨ ਜਸਵਿੰਦਰ ਭਾਟੀਆ ਨੇ ਵੀ ਪੁਲਸ ਪ੍ਰਸ਼ਾਸਨ ਨੂੰ ਕਿਹਾ ਹੈ ਕਿ ਜੇ ਪੁਲਸ ਦੋਸ਼ੀਆਂ ਨੂੰ ਫੜਨ ਵਿੱਚ ਨਾਕਾਮਯਾਬ ਹੁੰਦੀ ਹੈ ਤਾਂ ਅਸੀਂ ਸਾਰੇ ਦੁਕਾਨਦਾਰ ਐੱਸ ਐੱਸ ਪੀ ਫ਼ਿਰੋਜ਼ਪੁਰ ਦੁਕਾਨਾਂ ਦੀਆਂ ਉਨ੍ਹਾਂ ਨੂੰ ਚਾਬੀਆਂ ਦੇ ਕੇ ਆ ਜਾਵਾਂਗੇ, ਕਿਉਂਕਿ ਅਸੀਂ ਆਪਣੀਆਂ ਦੁਕਾਨਾਂ ਵਿੱਚ ਵੀ ਸੁਰੱਖਿਅਤ ਨਹੀ ਹਾਂ ਅਸੀਂ ਸਾਰੇ ਦੁਕਾਨਦਾਰ ਮਿਲ ਕੇ ਪੁਲਿਸ ਸਟੇਸ਼ਨ ਦੇ ਅੱਗੇ ਧਰਨਾ ਲਾ ਕੇ ਬੈਠ ਜਾਣਾ ਹੈ। ਜਦੋਂ ਪੁਲਸ ਨਾਲ ਰਾਬਤਾ ਕਾਇਮ ਕਰਨਾ ਚਾਹਿਆ ਤਾਂ ਡੀ ਐਸ ਪੀ ਜੀਰਾ ਤੇ ਐਸ ਐਚ ਓ ਨੇ ਕਿਹਾ ਕਿ ਅਸੀਂ ਇਸ ਕੇਸ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੇ ਹਾਂ ਤੇ ਥਾਂ ਥਾਂ 'ਤੇ ਸੀਸੀਟੀਵੀ ਕੈਮਰਿਆਂ ਨੂੰ ਖ਼ੰਗਾਲਿਆ ਜਾ ਰਿਹਾ ਹੈ। ਜਲਦ ਤੋਂ ਜਲਦ ਦੋਸ਼ੀਆਂ ਨੂੰ ਫੜ ਕੇ ਜੇਲ੍ਹ ਦੀਆਂ ਸੁਰਾਖਾਂ ਵਿੱਚ ਦੇ ਦਿੱਤਾ ਜਾਵੇਗਾ।

'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਵੱਖ-ਵੱਖ ਗਤੀਵਿਧੀਆਂ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਸਿਹਤ ਮੰਤਰੀ ਡਾ.ਬਲਬੀਰ ਸਿੰਘ ਅਤੇ ਸਿਵਲ ਸਰਜਨ ਬਠਿੰਡਾ ਡਾ.ਤੇਜਵੰਤ ਸਿੰਘ ਢਿੱਲੋਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਤੇ ਸੀਨੀਅਰ ਮੈਡੀਕਲ ਅਫਸਰ ਡਾ. ਗੁਰਮੇਲ ਸਿੰਘ ਦੀ ਅਗਵਾਈ ਹੇਠ ਬਲਾਕ ਬਾਲਿਆਂਵਾਲੀ 'ਚ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਵੱਖ-ਵੱਖ ਗਤੀਵਿਧੀਆਂ ਕੀਤੀਆਂ ਗਈਆਂ ਹਨ। ਇਸ ਮੁਹਿੰਮ ਦੇ ਨੋਡਲ ਅਫਸਰ ਡਾ. ਕਮਲਜੀਤ ਸਿੰਘ ਨੇ ਦੱਸਿਆ ਕਿ ਵੱਖ-ਵੱਖ ਪ੍ਰਾਈਵੇਟ ਲੈਬਾਰਟਰੀਆਂ ਅਤੇ ਹਸਪਤਾਲਾਂ 'ਚ ਡੇਂਗੂ ਦਾ ਲਾਰਵਾ ਚੈੱਕ ਕੀਤਾ ਗਿਆ ਤੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਨੂੰ ਹਰ ਸ਼ੁੱਕਰਵਾਰ ਡਰਾਈ ਡੇਅ ਮਨਾਉਣ ਬਾਰੇ ਆਖਿਆ ਜਾਂਦਾ ਹੈ। ਹਰ ਹਫਤੇ ਇਸ ਦਿਨ ਘਰਾਂ 'ਚ ਪਏ ਕੂਲਰਾਂ, ਫਰਿੱਜਾਂ ਦੀਆਂ ਟ੍ਰੇਆਂ, ਗਮਲਿਆਂ, ਪਾਣੀ ਵਾਲੀਆਂ ਹੌਦੀਆਂ ਆਦਿ ਨੂੰ ਖਾਲੀ ਕਰਕੇ ਸੁਕਾਉਣਾ ਚਾਹੀਦਾ ਹੈ। ਡੇਂਗੂ ਦਾ ਮੱਛਰ ਸਾਫ ਖੜ੍ਹੇ ਪਾਣੀ 'ਤੇ ਪਲਦਾ ਹੈ ਤੇ ਇਹ ਦਿਨ ਵੇਲੇ ਕੱਟਦਾ ਹੈ। ਉਨ੍ਹਾਂ ਕਿਹਾ ਕਿ ਡੇਂਗੂ ਵਰਗੀ ਬਿਮਾਰੀ ਤੋਂ ਬਚਣ ਲਈ ਇੱਕੋ ਇੱਕ ਹੱਲ ਵੱਧ ਤੋਂ ਵੱਧ ਜਾਗਰੂਕ ਹੋਣਾ ਹੈ। ਬਲਾਕ ਸਿਹਤ ਸੁਪਰਵਾਈਜ਼ਰ ਪਵਨ ਕੁਮਾਰ ਨੇ ਦੱਸਿਆ ਕਿ ਪਿੰਡ ਬਾਲਿਆਂਵਾਲੀ 'ਚ ਤਪੇ ਵਾਲਿਆਂ ਦਾ ਹਸਪਤਾਲ, ਗਿੱਲ ਡੈਂਟਲ ਹਸਪਤਾਲ, ਦਸ਼ਮੇਸ਼ ਕਲੀਨਿਕ ਲੈਬੋਰਟਰੀ, ਬੀਕਾਨੇਰ ਲੈਬੋਰਟਰੀ ਅਤੇ ਸਿਵਲ ਪਸ਼ੂ ਹਸਪਤਾਲ ਆਦਿ ਡੇਂਗੂ ਲਾਰਵੇ ਸੰਬੰਧੀ ਚੈੱਕ ਕੀਤੇ ਗਏ। ਜਗਤਾਰ ਸਿੰਘ ਬਲਾਕ ਐਜੂਕੇਟਰ ਅਤੇ ਮਨਜੀਤ ਸਿੰਘ ਬਲਾਕ ਐਜੂਕੇਟਰ ਨੇ ਦੱਸਿਆ ਕਿ ਰਾਮਪੁਰਾ ਅਰਬਨ ਏਰੀਏ ਵਿੱਚ ਪਟਿਆਲਾ ਕਲੀਨਿਕ ਲੈਬ, ਸ਼ਿਮਲਾ ਕਲੀਨਿਕ ਲੈਬ, ਉਜਾਗ ਮੈਮੋਰੀਅਲ ਹਸਪਤਾਲ, ਬਾਂਸਲ ਹਸਪਤਾਲ, ਅਪੈਕਸ ਹਸਪਤਾਲ, ਕਿਰਨ ਆਈ ਹਸਪਤਾਲਾਂ ਆਦਿ ਵਿੱਚ ਸਿਹਤ ਵਿਭਾਗ ਦਾਂ ਟੀਮਾਂ ਵੱਲੋਂ ਡੇਂਗੂ ਲਾਰਵਾ ਚੈੱਕ ਕੀਤਾ ਗਿਆ। ਡੇਂਗੂ ਤੋਂ ਬਚਾਅ ਲਈ ਪੈਂਫਲਿਟ ਵੀ ਵੰਡੇ ਗਏ। ਇਸ ਸਮੇਂ ਸਿਹਤ ਕਰਮਚਾਰੀ ਅਵਤਾਰ ਸਿੰਘ, ਅਸ਼ੋਕ ਕੁਮਾਰ, ਸਤਵੰਤ ਸਿੰਘ ਅਤੇ ਅਜੀਤ ਕੁਮਾਰ ਗੈਂਗਮੈਨ ਹਾਜ਼ਰ ਸਨ।

ਕਾਤਰਾਂ

ਆਯੂਸ਼ਮਾਨ ਭਵ ਮੁਹਿੰਮ ਤਹਿਤ ਸਿਹਤ ਮੇਲਿਆਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲੋਕ : ਸਿਵਲ ਸਰਜਨ

ਮਾਨਸਾ (ਪਮਾਰ)-ਡਿਪਟੀ ਕਮਿਸ਼ਨਰ ਮਾਨਸਾ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੇ ਮੰਤਵ ਨਾਲ ਆਯੂਸ਼ਮਾਨ ਭਵ ਮੁਹਿੰਮ ਤਹਿਤ 17 ਸਤੰਬਰ ਤੋਂ 2 ਅਕਤੂਬਰ ਤੱਕ ਸੀ.ਐਚ.ਸੀ ਪੱਧਰ 'ਤੇ ਸਿਹਤ ਮੇਲੇ ਲਗਾਏ ਜਾ ਰਹੇ ਹਨ। ਇਸ ਸੰਬੰਧੀ ਉਨ੍ਹਾਂ ਜ਼ਿਲ੍ਹਾ ਮਾਨਸਾ ਅਧੀਨ ਝੁਨੀਰ ਵਿਖੇ 23 ਸਤੰਬਰ, ਖਿਆਲਾ ਕਲਾਂ ਵਿਖੇ 25 ਸਤੰਬਰ ਬਰੇਟਾ ਵਿਖੇ 26 ਸਤੰਬਰ, 28 ਸਤੰਬਰ ਨੂੰ ਭੀਖੀ ਅਤੇ 30 ਸਤੰਬਰ ਨੂੰ ਝੁਨੀਰ ਵਿਖੇ ਸਿਹਤ ਮੇਲੇ ਲਗਾਏ ਜਾ ਰਹੇ ਹਨ। ਡਾ.ਅਸ਼ਵਨੀ ਕੁਮਾਰ ਨੇ ਇਨ੍ਹਾਂ ਸਿਹਤ ਮੇਲਿਆਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ । ਉਨ੍ਹਾ ਦੱਸਿਆ ਕਿ ਮੇਲਿਆਂ 'ਚ ਅਲੋਪੈਥਿਕ, ਆਯੁਰਵੇਦਿਕ ਅਤੇ ਹੋਮਿਓਪੈਥਿਕ ਦੇ ਮਾਹਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਫ਼ਤ ਮੈਡੀਕਲ ਚੈੱਕਅਪ, ਮੁਫਤ ਲੈਬਾਰਟਰੀ ਚੈਕਅਪ ਅਤੇ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ। ਇਸ ਤੋਂ ਇਲਾਵਾ ਸਿਹਤ ਸਟਾਫ ਵੱਲੋਂ ਲੋਕਾਂ ਨੂੰ ਬਿਮਾਰੀਆਂ ਤੋਂ ਬਚਣ ਲਈ ਵੱਖ ਵੱਖ ਤਰੀਕਿਆਂ ਨਾਲ ਨੁਮਾਇਸ਼ ਲਗਾ ਕੇ ਜਾਣਕਾਰੀ ਦਿੱਤੀ ਜਾਵੇਗੀ।

19ਵਾਂ ਭੰਡਾਰਾ ਤੇ ਜਗਰਾਤਾ ਅੱਜ

ਜਗਰਾਉਂ (ਅਮਿਤ ਖੰਨਾ)-ਸ੍ਰੀ ਕ੍ਰਿਸ਼ਨਾ ਕਲੱਬ ਪੁਰਾਣੀ ਦਾਣਾ ਮੰਡੀ ਵੱਲੋਂ 19ਵਾਂ ਭੰਡਾਰਾ ਅਤੇ ਜਗਰਾਤਾ ਕਰਾਇਆ ਜਾ ਰਿਹਾ ਹੈ। ਸ੍ਰੀ ਕ੍ਰਿਸ਼ਨਾ ਕਲੱਬ ਦੇ ਚੇਅਰਮੈਨ ਅਵਿਨਾਸ਼ ਮਿੱਤਲ ਪ੍ਰਧਾਨ ਰੋਹਿਤ ਗੋਇਲ ਨੇ ਦੱਸਿਆ ਕਿ ਇਸ ਜਗਰਾਤੇ 'ਤੇ ਗੌਤਮ ਜਲੰਧਰੀ ਜਲੰਧਰ ਵਾਲੇ ਰਾਤੀਂ 8.30 ਵਜੇ ਤੋਂ 12 ਵਜੇ ਤੱਕ ਤੇ ਕਨ੍ਹਈਆ ਬੁਰਜਵਾਸੀ 12 ਵਜੇ ਤੋਂ ਲਗਾਤਾਰ ਮਹਾਂਮਾਈ ਦੀਆਂ ਭੇਟਾਂ ਗਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਮੁੱਖ ਮਹਿਮਾਨ ਵਿਧਾਇਕਾ ਸਰਬਜੀਤ ਕੌਰ ਮਾਣੂੰਕੇ ਤੇ ਕਰਨਜੀਤ ਸਿੰਘ ਸੋਨੀ ਗਾਲਿਬ ਹੋਣਗੇ। ਇਸ ਜਗਰਾਤੇ ਵਿੱਚ ਮਾਤਾ ਚਿੰਤਪੂਰਨੀ ਦਰਬਾਰ ਤੋਂ ਪਵਿੱਤਰ ਜੋਤ ਲਿਆਈ ਗਈ ਹੈ, ਜਦਕਿ ਪੰਜਾਬੀ ਗਾਇਕ ਹੈਪੀ ਰਾਏਕੋਟੀ ਵਿਸ਼ੇਸ਼ ਮਹਿਮਾਨ ਕਲਾਕਾਰ ਵਜੋਂ ਸ਼ਿਰਕਤ ਕਰਨਗੇ।

ਸ਼ੂਟਿੰਗ ਮੁਕਾਬਲੇ ਪਿੰਡ ਬਾਦਲ 'ਚ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ)-ਸ੍ਰੀਮਤੀ ਅਨਿੰਦਰਵੀਰ ਕੌਰ ਜ਼ਿਲ੍ਹਾ ਖੇਡ ਅਫ਼ਸਰ ਨੇ ਦੱਸਿਆ ਕ

page-6-23-(SEP)-2023-G-(BV).qxd 9/22/2023 10:31 PM Page 1

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ੍ਰੀ ਲਵਦੀਪ ਸਿੰਘ ਪੁਤ੍ਰ ਨਾਇਬ ਤਹਿਸੀਲਦਾਰ-ਕਮ-ਸਰਕਲ ਰੈਵੇਨਿਊ ਅਫਸਰ, ਗੜ੍ਹਦੀਵਾਲਾ।

ਨੋਟਿਸ ਬਨਾਮ-ਆਮ ਜਨਤਾ

ਵਿਸ਼ਾ-ਫਰਦ ਜਮ੍ਹਾਂਬੰਦੀ ਵਾਕਿਆ ਪਿੰਡ ਰਘੁਵਾਲ/469 ਦੇ ਖਾਨਾ ਮਾਲਕੀ ਵਿੱਚ ਨਾਂਅ ਦੀ ਦਰੁੱਸਤੀ ਕਰਨ ਬਾਰੇ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਸ੍ਰੀ ਗੁਰਬਚਨ ਸਿੰਘ ਪੁੱਤਰ ਮੀਹਾਂ ਸਿੰਘ ਵਾਸੀ ਪਿੰਡ ਰਘੁਵਾਲ ਤਹਿ: ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਨੇ ਦਰਖਾਸਤ ਪੇਸ਼ ਕੀਤੀ ਕਿ ਰਿਕਾਰਡ ਮਾਲ ਵਾਕਿਆ ਪਿੰਡ ਰਘੁਵਾਲ/469 ਤਹਿਸੀਲ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਉਸ ਦਾ ਨਾਂਅ ਹਰਭਜਨ ਸਿੰਘ ਗਲਤ ਚਲਿਆ ਆ ਰਿਹਾ ਹੈ। ਉਸ ਦਾ ਸਹੀ ਨਾਂਅ ਗੁਰਬਚਨ ਸਿੰਘ ਹੈ। ਫਰਦ ਜਮ੍ਹਾਂਬੰਦੀ ਵਿੱਚ ਉਸ ਦਾ ਸਹੀ ਨਾਂਅ ਗੁਰਬਚਨ ਸਿੰਘ ਦਰੁੱਸਤ ਕੀਤਾ ਜਾਵੇ। ਪ੍ਰਾਰਥੀ ਵੱਲੋਂ ਮਿਤੀ 19.9.2023 ਨਵਾਂ ਜ਼ਮਾਨਾ ਜਲੰਧਰ ਅਤੇ ਮਿਤੀ 19.9.2023 ਦੀ ਪਾਇਨਰ ਅਖਬਾਰਾਂ ਵਿੱਚ ਨਾਂਅ ਦੀ ਦਰੁੱਸਤੀ ਸੰਬੰਧੀ ਪ੍ਰਕਾਸ਼ਤ ਕਰਵਾਇਆ ਗਿਆ। ਇਸ ਲਈ ਜੇਕਰ ਕਿਸੇ ਨੂੰ ਇਸ ਨਾਂਅ ਦੀ ਦਰੁੱਸਤੀ ਕਰਨ ਵਿੱਚ ਇਤਰਾਜ਼ ਹੋਵੇ ਤਾਂ ਉਹ ਆਪਣੇ ਇਤਰਾਜ਼ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਨੋਟਿਸ ਲਿਖਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਪੇਸ਼ ਕਰੇ। ਨੋਟਿਸ ਵਿੱਚ ਦੱਸੀ ਮਿਆਦ ਗੁਜਰਨ ਤੋਂ ਬਾਅਦ ਕਿਸੇ ਵੀ ਇਤਰਾਜ਼ 'ਤੇ ਗੌਰ ਨਹੀਂ ਕੀਤਾ ਜਾਵੇਗਾ।

ਅੱਜ ਮਿਤੀ 20.9.2023 ਨੂੰ ਮੇਰੇ ਦਸਤਖਤ ਅਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਹੋਇਆ ਹੈ।

ਨਾਇਬ ਤਹਿਸੀਲਦਾਰ-ਕਮ-ਸਰਕਲ ਰੈਵੇਨਿਊ ਅਫਸਰ, ਗੜ੍ਹਦੀਵਾਲਾ।

ਡਬਲਊ 282/ਰੀਡਰ/21.9.2023

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਉਪ ਮੰਡਲ ਮੈਜਿਸਟਰੇਟ-ਕਮ-ਕੁਲੈਕਟਰ, ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ।

ਮਹਿੰਦਰ ਸਿੰਘ ਉਮਰ 46 ਸਾਲ ਰੁਲੀਆ ਸਿੰਘ ਪੁੱਤਰ ਪੰਜਾ ਸਿੰਘ ਵਾਸੀ ਪਿੰਡ ਫੱਤੂ ਵਾਲਾ ਤਹਿ: ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ। ਫਰੀਕ ਅੱਵਲ

ਬਨਾਮ-1. ਕ੍ਰਿਸ਼ਨਾ ਦੇਵੀ 2. ਰਾਕੇਸ਼ ਰਾਣੀ 3. ਆਸ਼ਾ ਰਾਣੀ 4. ਸਤੀਸ਼ ਰਾਣੀ 5. ਸੁਮਨ ਰਾਣੀ 6. ਸੰਤੋਸ਼ ਰਾਣੀ ਪੁੱਤਰੀਆਂ ਵਾ 7. ਰਮੇਸ਼ ਕੁਮਾਰ 8. ਅਸ਼ੋਕ ਕੁਮਾਰ 9. ਵਿਜੇ ਕੁਮਾਰ ਪੁੱਤਰਾਨ ਚਾਨਣ ਰਾਮ ਪੁੱਤਰ ਕੱਕੂ ਰਾਮ ਵਾਸੀਆਨ ਪਿੰਡ ਫੱਤੂ ਵਾਲਾ ਤਹਿਸੀਲ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ ਫਰੀਕਸਾਨੀਆਨ

ਦਰਖਾਸਤ ਬਾਬਤ ਫੱਕ ਉਲ ਰਹਿਣ ਬਾ-ਇਵਜ਼ ਮੁਬਲਗ 550/ਰੁਪਏ ਬਾਬਤ ਅਰਾਜੀ ਤੈਦਾਦੀ 08 ਕਨਾਲ 16 ਮਰਲੇ ਮੁਰੱਬਾ ਨੰ: 9 ਕਿਲਾ ਨੰ: 24/2 (4-0) 25/1 (4-16) ਖੇਵਟ ਨੰ: 224 ਖਤੌਨੀ ਨੰ: 390 ਮੁਤਾਬਕ ਜਮ੍ਹਾਂਬੰਦੀ ਸਾਲ 2018-19 ਵਾਕਿਆ ਰਕਬਾ ਪਿੰਡ ਸੁਖੇਰਾ ਬੋਦਲਾ ਤਹਿਸੀਲ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ। ਬਰ ਬਿਨਾਏ ਸ਼ਹਾਦਤ ਹਰ ਕਿਸਮ।

ਨੋਟਿਸ ਬਨਾਮ-ਆਮ ਪਬਲਿਕ

ਉਪਰੋਕਤ ਹੈੱਡ ਨੋਟ ਵਿੱਚ ਦਰਜ ਜ਼ਮੀਨ ਫਰੀਕ ਅੱਵਲ ਦੇ ਦਾਦਾ ਪੰਜਾ ਸਿੰਘ ਪੁੱਤਰ ਵਸਾਵਾ ਸਿੰਘ ਵਾਸੀ ਫਤੂ ਵਾਲਾ ਨੇ ਰਹਿਣਨਾਮਾ ਵਸੀਕਾ ਨੰ: 519 ਮਿਤੀ 18.5.1964 ਅਤੇ ਵਸੀਕਾ ਨੰ: 3317 ਮਿਤੀ 26.2.1965 ਰਾਹੀਂ ਫਰੀਕਸਾਨੀਆਂ ਦੇ ਪਿਤਾ ਚਾਨਣ ਰਾਮ ਪੁੱਤਰ ਕੱਕੂ ਰਾਮ ਦੇ ਹੱਕ ਵਿੱਚ ਰਹਿਣ ਕੀਤੀ ਸੀ। ਰਿਕਾਰਡ ਮਾਲ ਮੁਤਾਬਕ ਹੁਣ ਇਸ ਜਮੀਨ ਦਾ ਮਾਲਕ ਫਰੀਕ ਅੱਵਲ ਹੈ ਅਤੇ ਫਰੀਕਸਾਨੀਆਨ ਇਸ ਜ਼ਮੀਨ ਵਿੱਚ ਰਹਿਣਕਾਰ ਹਨ। ਫਰੀਕ ਅੱਵਲ ਵੱਲੋਂ ਇਹ ਜਮੀਨ ਫੱਕ ਕਰਾਉਣ ਲਈ ਦਰਖਾਸਤ ਇਸ ਅਦਾਲਤ ਵਿੱਚ ਦਾਇਰ ਕੀਤੀ ਹੈ। ਫਰੀਕਸਾਨੀਆਂ ਦੀ ਤਲਬੀ ਲਈ ਜਾਰੀ ਕੀਤੇ ਗਏ ਸੰਮਨ ਤੇ ਰਿਪੋਰਟ ਮੁਤਾਬਕ ਫਰੀਕਸਾਨੀਆਂ ਦੀ ਰਿਹਾਇਸ਼ ਦਿੱਤੇ ਗਏ ਐਡਰੈਸ ਪਿੰਡ ਫੱਤੂ ਵਾਲਾ ਤਹਿ: ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ ਵਿਖੇ ਨਾ ਹੈ। ਜਿਸ 'ਤੇ ਫਰੀਕ ਅੱਵਲ ਨੇ ਦਰਖਾਸਤ ਦਿੱਤੀ ਹੈ ਕਿ ਫਰੀਕਸਾਨੀਆਂ ਦੀ ਤਲਬੀ ਲਈ ਅਖਬਾਰ ਵਿੱਚ ਨੋਟਿਸ ਦਿੱਤਾ ਜਾਵੇ।

ਇਸ ਲਈ ਇਸ ਨੋਟਿਸ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਹੈੱਡ ਨੋਟ ਵਿੱਚ ਦਰਜ ਜਮੀਨ ਦੇ ਫੱਕ ਕਰਨ 'ਤੇ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਇਸ਼ਤਿਹਾਰ ਦੇ ਛਪਣ ਤੋਂ ਬਾਅਦ 30 ਦਿਨਾਂ ਦੇ ਅੰਦਰ-ਅੰਦਰ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜ਼ਰ ਆ ਕੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਕੇਸ ਦਾ ਫੈਸਲਾ ਮੈਰਿਟ ਦੇ ਆਧਾਰ 'ਤੇ ਕਰ ਦਿੱਤਾ ਜਾਵੇਗਾ।

ਇਹ ਇਸ਼ਤਿਹਾਰ ਮੇਰੇ ਹਸਤਾਖਰਾਂ ਅਤੇ ਅਦਾਲਤ ਦੀ ਮੋਹਰ ਨਾਲ ਜਾਰੀ ਕੀਤਾ ਗਿਆ।

ਉਪ ਮੰਡਲ ਮੈਜਿਸਟਰੇਟ-ਕਮ-ਕੁਲੈਕਟਰ, ਜਲਾਲਾਬਾਦ

COURT NOTICE

In the Court of
Ms. Geeta Rani
Civil Judge (Junior Division), Kharar.
CNR No. PBSAA0-000787-2015
Next Date : 5.10.2023
Hakam Singh
Versus
Jarnail Singh

Publication issued to : 10. Harpal Singh S/o Gurmeet Singh S/o Niranjan Singh Since deceased through LRS A. Kulwant Kaur Wd/o Gurmeet Singh (mother) B. Manjit Kaur Wd/o Harpal Singh C. Manreeop Kaur D/o Harpal Singh All R/o and Khewatdars of Vill. Teera Tehsil Kharar Distt. SAS Nagar.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 5.10.2023 at 10.00 a.m.

For details logon to https://highcourtchd.gov.in/?trs=district notice & district=SAS Nagar

Civil Judge (Junior Division), Kharar.
Dated, this day of 6.9.2023

COURT NOTICE

In the Court of
Ms. Nirmala Devi
Civil Judge (Junior Division), Ludhiana.
CNR No. PBLD02-004398-2021
Next Date : 21.10.2023
Sukhwinder Singh
Versus
Surjit Singh

Application u/o 9 rule 13 CPC read with section 151 CPC on behalf of defendant No. 1 for setting aside the exparte judgment and decree dated 5.8.2016

Publication issued to : 1. Surjit Singh S/o Sardara Singh R/o Vill. Hadiwal, Tehsil and Distt. Ludhiana since deceased No. through his following legal heirs : iii. Jasdev Kaur W/o Jaswant Singh and D/o Surjit Singh R/o Doraha, Distt. Ludhiana.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 21.10.2023 at 10.00 a.m.

For details logon to https://highcourtchd.gov.in/?trs=district notice & district=Ludhiana.

Civil Judge (Junior Division), Ludhiana.
Dated, this day of 13.9.2023

ਬਾਬਾ ਬਿਧੀ ਚੰਦ ਜੀ ਦਾ ਦੋ ਦਿਨਾ ਸਾਲਾਨਾ ਜੋੜ ਮੇਲਾ ਅੱਜ ਤੋਂ

ਝਬਾਲ (ਹਰਜਿੰਦਰ ਸਿੰਘ ਸੋਨੀ)-ਜਾਣਕਾਰੀ ਦਿੰਦੇ ਹੋਏ ਦਲ ਪੰਥ ਬਾਬਾ ਬਿਧੀ ਚੰਦ ਸਾਹਿਬ ਜੀ ਦੇ ਦਲ ਪੰਥ ਦੇ ਮੌਜੂਦਾ ਮੁਖੀ ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਬਿਧੀਚੰਦੀਏ ਸੁਰਸਿੰਘ ਵਾਲਿਆਂ ਨੇ ਦੱਸਿਆ ਕਿ ਬਹਾਦਰ ਬਾਬਾ ਬਿਧੀ ਚੰਦ ਜੀ ਦਾ ਸਾਲਾਨਾ ਜੋੜ ਮੇਲਾ ਨਗਰ ਸੁਰ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਲਾਕਾ ਅਤੇ ਨਗਰ, ਦੇਸ਼-ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆਂ ਜਾ ਰਿਹਾ ਹੈ। 21 ਸਤੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਸੁੱਕਰਵਾਰ ਨੂੰ ਹਰ ਸਾਲ ਦੀ ਤਰਾਂ ਇਸ ਵਾਰ ਵੀ ਮਹਾਨ ਨਗਰ ਕੀਰਤਨ ਸਜਾਇਆ। ਸ਼ਨੀਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣਗੇ। ਉਪਰੰਤ ਢਾਡੀ ਦਰਬਾਰ ਸਜਾਇਆ ਜਾਵੇਗਾ। ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ ਤੇ ਕਥਾ ਕੀਰਤਨ ਹੋਵੇਗਾ। ਉਪਰੰਤ ਕਵੀਸ਼ਰ ਦਰਬਾਰ ਸਜੇਗਾ ਜਿਸ ਵਿੱਚ ਉਚੇਚੇ ਤੌਰ ਤੇ ਸਿੰਘ ਸਾਹਿਬਾਨ ਅਤੇ ਸਮੂਹ ਸੰਪ੍ਰਦਾਵਾਂ ਦੇ ਸਤਿਕਾਰਯੋਗ ਸੰਤ ਮਹਾਂਪੁਰਖ ਪਹੁੰਚ ਕੇ ਹਾਜ਼ਰੀ ਭਰਨਗੇ। ਸੰਪ੍ਰਦਾਇ ਦਲ ਪੰਥ ਬਾਬਾ ਬਿਧੀ ਚੰਦ ਜੀ ਦੇ 12ਵੇਂ ਮੁੱਖੀ ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਵੱਲੋਂ ਸਮੂਹ ਦੇਸ਼ ਵਿਦੇਸ਼ ਦੀਆਂ ਸੰਗਤਾਂ ਅਤੇ ਇਲਾਕਾ ਨਿਵਾਸੀਆਂ ਨੂੰ ਅਪੀਲ ਹੈ ਕਿ ਜੋੜ ਮੇਲਿਆਂ 'ਤੇ ਵਧ-ਚੜ੍ਹ ਕੇ ਪਹੁੰਚੋ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਕੁਸ਼ਤੀਆਂ ਅਤੇ ਕਬੱਡੀ ਦਾ ਮੈਚ ਹੋਵੇਗਾ ਤੇ ਨਿਹੰਗ ਸਿੰਘਾਂ ਵੱਲੋਂ ਮਹੱਲਾ ਕੱਢਿਆ ਜਾਵੇਗਾ। ਗੁਰੂ ਕੇ ਲੰਗਰ ਅਤੂੱਟ ਵਰਤ ਰਹੇ ਹਨ।

ਇਸ ਮੌਕੇ ਸੰਤ ਬਾਬਾ ਅਵਤਾਰ ਸਿੰਘ ਤੋਂ ਇਲਾਵਾ ਬਾਬਾ ਪ੍ਰੇਮ ਸਿੰਘ, ਬਾਬਾ ਚਰਨਜੀਤ ਸਿੰਘ, ਬਾਬਾ ਨਿਹਾਲ ਸਿੰਘ, ਬਾਬਾ ਬਲਦੇਵ ਸਿੰਘ ਭੈਲ ਤੇ ਹੋਰ ਸੇਵਾਦਾਰ ਸੰਗਤਾਂ ਹਾਜ਼ਰ ਸਨ।

Criminal Courts, Ludhiana

In the Court of
Ms. Prabha Prashar
Judicial Magistrate-Ist Class Ludhiana.
CNR No. PBLD03-020206-2020
Peshi : 21.10.2023
Publication notice for proclamation under section 82 CR.PC
Mohit Kumar
Versus
Sunny Poultary Farm

Petition u/s 138 of Negotiable Instruments Act 1881 Amended upto date.

Notice to : Satwinder Singh S/o Sh. Harjinder Singh Proprietor , M/S Sunny Poultary Farm, Vill. Tenda, P.O. Chipra, Tehsil Dasuya, Hoshiarpur, Punjab

Whereas it has been proved to the satisfaction of the Court that the accused above named can't be served in the ordinary way of service. Hence this proclamation under section 82 CRPC is hereby issued against him/them and should appear personally or through their counsel on 21.10.2023 at 10.00 a.m.

Take notice that, in default of his/their appearance on the day before mentioned, the above said case will be heard and determined in his/their absence.

Given under my hand and the seal of the Court, this.

For details logon to : https://highcourtchd.gov.in/?trs=district notice&district=Ludhiana

Judicial Magistrate-Ist Class Ludhiana.

Criminal Courts, Ludhiana

In the Court of
Ms. Prabha Prashar
Judicial Magistrate-Ist Class Ludhiana.
CNR No. PBLD03-039596-2019
Peshi : 21.10.2023
Publication notice for proclamation under section 82 CR.PC
Axis Bank
Versus
Gurwinder Singh

Petition u/s 138 of Negotiable Instruments Act 1881 Amended upto date.

Notice to : 1. Gurwinder Singh R/o Vill. Jaffar Wala, Tehsil and Distt. Moga, Punjab

Whereas it has been proved to the satisfaction of the Court that the accused above named can't be served in the ordinary way of service. Hence this proclamation under section 82 CRPC is hereby issued against him/them and should appear personally or through their counsel on 21.10.2023 at 10.00 a.m.

Take notice that, in default of his/their appearance on the day before mentioned, the above said case will be heard and determined in his/their absence.

Given under my hand and the seal of the Court, this.

For details logon to : https://highcourtchd.gov.in/?trs=district notice&district=Ludhiana

Judicial Magistrate-Ist Class Ludhiana.

Criminal Courts, Ludhiana

In the Court of
Ms. Prabha Prashar
Judicial Magistrate-Ist Class Ludhiana.
CNR No. PBLD03-025725-2019
Peshi : 23.10.2023
Publication notice for proclamation under section 82 CR.PC
Axis Bank
Versus
Sukhdev Singh

Petition u/s 138 of Negotiable Instruments Act 1881 Amended upto date.

Notice to : Sukhdev Singh R/o Mohalla Bhuleria, Basti Kashmir Singh Wali, Mamdot, Hithar, Distt. Ferozepur, Punjab-152023

Whereas it has been proved to the satisfaction of the Court that the accused above named can't be served in the ordinary way of service. Hence this proclamation under section 82 CRPC is hereby issued against him/them and should appear personally or through their counsel on 23.10.2023 at 10.00 a.m.

Take notice that, in default of his/their appearance on the day before mentioned, the above said case will be heard and determined in his/their absence.

Given under my hand and the seal of the Court, this.

For details logon to : https://highcourtchd.gov.in/?trs=district notice&district=Ludhiana

Judicial Magistrate-Ist Class Ludhiana.

Criminal Courts, Ludhiana

In the Court of
Ms. Prabha Prashar
Judicial Magistrate-Ist Class Ludhiana.
CNR No. PBLD03-036602-2019
Peshi : 30.10.2023
Publication notice for proclamation under section 82 CR.PC
Axis Bank
Versus
Chhinder Singh

Petition u/s 138 of Negotiable Instruments Act 1881 Amended upto date.

Notice to : Chhinder Singh @ Surinder Singh R/o Vill. Nurpurkirpalke, Tehsil & Distt. Sri Muktsar Sahib, Punjab.

Whereas it has been proved to the satisfaction of the Court that the accused above named can't be served in the ordinary way of service. Hence this proclamation under section 82 CRPC is hereby issued against him/them and should appear personally or through their counsel on 30.10.2023 at 10.00 a.m.

Take notice that, in default of his/their appearance on the day before mentioned, the above said case will be heard and determined in his/their absence.

Given under my hand and the seal of the Court, this

For details logon to : https://highcourtchd.gov.in/?trs=district notice&district=Ludhiana

Judicial Magistrate-Ist Class Ludhiana.

Criminal Courts, Ludhiana

In the Court of
Ms. Prabha Prashar
Judicial Magistrate-Ist Class Ludhiana.
CNR No. PBLD03-036598-2019
Peshi : 30.10.2023
Publication notice for proclamation under section 82 CR.PC
Axis Bank
Versus
Mehar Singh

Petition u/s 138 of Negotiable Instruments Act 1881 Amended upto date.

Notice to : Mehar Singh S/o Balvir Singh R/o Near Bijli Board Mamdot Uttar Distt. Ferozepur, Punjab.

Whereas it has been proved to the satisfaction of the Court that the accused above named can't be served in the ordinary way of service. Hence this proclamation under section 82 CRPC is hereby issued against him/them and should appear personally or through their counsel on 30.10.2023 at 10.00 a.m.

Take notice that, in default of his/their appearance on the day before mentioned, the above said case will be heard and determined in his/their absence.

Given under my hand and the seal of the Court, this.

For details logon to : https://highcourtchd.gov.in/?trs=district notice&district=Ludhiana

Judicial Magistrate-Ist Class Ludhiana.

Criminal Courts, Ludhiana

In the Court of
Ms. Prabha Prashar
Judicial Magistrate-Ist Class Ludhiana.
CNR No. PBLD03-000093-2019
Peshi : 30.10.2023
Publication notice for proclamation under section 82 CR.PC
Axis Bank
Versus
Tarsem Lal

Petition u/s 138 of Negotiable Instruments Act 1881 Amended upto date.

Notice to : Tarsem Lal S/o Bahadur Singh R/o Vill. Khairulapur, Tehsil Nakodar, Distt. Jalandhar, Punjab 2nd address : State Government High School, Baloki Vill. Near Mehatpur, Nakodar, Jalandhar.

Whereas it has been proved to the satisfaction of the Court that the accused above named can't be served in the ordinary way of service. Hence this proclamation under section 82 CRPC is hereby issued against him/them and should appear personally or through their counsel on 30.10.2023 at 10.00 a.m.

Take notice that, in default of his/their appearance on the day before mentioned, the above said case will be heard and determined in his/their absence.

Given under my hand and the seal of the Court, this.

For details logon to : https://highcourtchd.gov.in/?trs=district notice&district=Ludhiana

Judicial Magistrate-Ist Class Ludhiana.

ਕਲਾਸੀਫਾਈਡ ਇਸ਼ਤਿਹਾਰ

Public Notice

I, Gulam Mustfa S/o Mohammad Shoukat R/o H.No. E.R-198, Pacca Bagh, Jalandhar declare that my sons Gulam Mohammad Raza and Tanveer are out of my control. I disinherit them from my movable and immovable properties. I and my family shall not be held responsible for any of their acts deeds and things. All please note.

ਆਮ ਸੂਚਨਾ

ਮੈਂ, ਮਿਲਖਾ ਸਿੰਘ ਪੁੱਤਰ ਬਿਸ਼ਨ ਸਿੰਘ, ਪਿੰਡ ਘਨੌਰੀ ਕਲਾਂ ਦੇ ਨਾਮ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ - GH-254 AP (5 BHP) ਨੂੰ ਹਰਪਾਲ ਸਿੰਘ ਪੁੱਤਰ ਪਰਮਜੀਤ ਸਿੰਘ, ਪਿੰਡ ਘਨੌਰੀ ਕਲਾਂ (ਸੰਗਰੂਰ) ਨੇ ਆਪਣੇ ਨਾਮ ਤਬਦੀਲ ਕਰਵਾਉਣ ਲਈ ਅਪਲਾਈ ਕੀਤਾ ਹੈ। ਇਤਰਾਜ਼ੀ 15 ਦਿਨਾਂ ਅੰਦਰ ਐੱਸ.ਡੀ.ਓ, ਪਾਵਰਕਾਮ, ਉਪ ਮੰਡਲ ਰੰਗੀਆਂ ਦੇ ਇਤਰਾਜ਼ ਪੇਸ਼ ਕਰੇ।

ਇੱਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: 3003713449 ਜੋ ਕਿ ਜਰਨੈਲ ਸਿੰਘ ਪੁੱਤਰ ਤਾਰਾ ਸਿੰਘ ਦੇ ਨਾਂਅ ਪਿੰਡ ਦਿਅੰਤਪੁਰ, ਜ਼ਿਲ੍ਹਾ ਜਲੰਧਰ ਵਿਖੇ ਚੱਲ ਰਿਹਾ ਹੈ। ਹੁਣ ਇਹ ਮੋਟਰ ਕੁਨੈਕਸ਼ਨ ਮਨਜੀਤ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਦਿਅੰਤਪੁਰ, ਜ਼ਿਲ੍ਹਾ ਜਲੰਧਰ ਦੇ ਨਾਂਅ 'ਤੇ ਤਬਦੀਲ ਹੋਣ ਜਾ ਰਿਹਾ ਹੈ। ਜੇਕਰ ਇਸ ਸੰਬੰਧੀ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 10 ਦਿਨਾਂ ਦੇ ਅੰਦਰ-ਅੰਦਰ ਉੱਪ ਮੰਡਲ ਅਫਸਰ ਪੰਜਾਬ ਰਾਜ ਪਾਵਰ ਨਿਗਮ ਲਿਮ: ਆਦਮਪੁਰ ਨਾਲ ਸੰਪਰਕ ਕਰਨ। (ਦਿਲਬਾਗੀ)

ਮੈਂ ਵਿਕਰਮ ਸਿੰਘ ਪੁੱਤਰ ਪਿੱਪਲ ਸਿੰਘ ਵਾਸੀ ਪਿੰਡ ਬੁਰਜ ਮੱਖਣ ਸਿੰਘ ਪੁਲਿਸ ਸਟੇਸ਼ਨ ਲੱਖੋ ਕੇ ਬਹਿਰਾਮ ਤਹਿ ਗੁਰੂ ਹਰਸਹਾਏ ਜਿਲਾ ਫਿਰੋਜ਼ਪੁਰ ਦਾ ਰਹਿਣ ਵਾਲਾ ਹਾਂ ਮੇਰਾ ਪਾਸਪੋਰਟ ਨੰਬਰ 9276400 ਹੈ ਜੋ ਗੁੰਮ ਹੋ ਗਿਆ ਹੈ ਅਗਰ ਕਿਸੇ ਨੂੰ ਮਿਲੇ 991-4941942 ਤੇ ਸੰਪਰਕ ਕਰੇ ।

ਮੈਂ, ਵਰਿੰਦਰ ਕੁਮਾਰ ਪੁੱਤਰ ਕਿਸ਼ਨ ਦੇਵ ਵਾਸੀ ਪਿੰਡ ਰੱਦਲੀ, ਜੰਡਿਆਲਾ ਗੁਰੂ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੇ ਕੁਝ ਕਾਗਜ਼ਾਤ ਵਿੱਚ ਮੇਰਾ ਨਾਂਅ ਗਲਤੀ ਨਾਲ ਰਵਿੰਦਰ ਕੁਮਾਰ ਲਿਖਿਆ ਗਿਆ ਹੈ, ਜਦਕਿ ਮੇਰਾ ਸਹੀ ਨਾਂਅ ਵਰਿੰਦਰ ਕੁਮਾਰ ਹੈ। ਸੰਬੰਧਤ ਨੋਟ ਕਰਨ।

ਮੈਂ, ਗੁਲਸ਼ਨ ਕੁਮਾਰ ਪੁੱਤਰ ਧਰਮਪਾਲ ਵਾਸੀ 109/9, ਰਾਣਾ ਡਿਊਵਾਲੀ ਗਲੀ ਬੈਕ ਸਾਈਡ ਮਾਈ ਕਾ ਤਲਾਬ ਗੁਰਦਾਸਪੁਰ। ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰੀ ਭੈਣ ਕੁਲਦੀਪ ਕੌਰ ਉਰਫ ਪਿੰਕੀ ਪਤਨੀ ਵਰਿੰਦਰ ਕੁਮਾਰ ਜੋ ਮੇਰੇ ਕਹਿਣੇ ਤੋਂ ਬਾਹਰ ਹੈ। ਹੁਣ ਮੇਰਾ ਆਪਣੀ ਭੈਣ ਨਾਲ ਕੋਈ ਰਿਸ਼ਤਾ ਨਾਤਾ ਨਹੀਂ ਰਿਹਾ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਬੇਦਖਲੀ ਨੋਟਿਸ

ਮੈਂ, ਤੇਜ ਭਾਨ ਪੁੱਤਰ ਸ੍ਰੀ ਬਜਰੰਗੀ ਵਾਸੀ ਗਲੀ ਨੰਬਰ 5, ਨਿਊ ਰਤਨ ਨਗਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸ਼ੁਭਮ ਉਮਰ 21 ਸਾਲ ਜੋ ਕਿ ਕੁਆਰਾ ਹੈ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਮੈਂ, ਸੰਗੀਤਾ ਪਤਨੀ ਲੇਟ ਰਾਜ ਕੁਮਾਰ ਵਾਸੀ ਮਕਾਨ ਨੰ. 496, ਸੈਨਿਕ ਵਿਹਾਰ ਕਲੋਨੀ, ਖੁਸਰਾਪੁਰ, ਜਲੰਧਰ ਕੈਂਟ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਦੀਪਕ ਕੁਮਾਰ ਅਤੇ ਉਸਦੀ ਪਤਨੀ ਰਾਜਵਿੰਦਰ ਕੌਰ ਜ

23-SEP-PAGE-7.qxd 9/22/2023 9:37 PM Page 1

ਸਰਕਾਰ ਨੇ ਹੜ੍ਹ ਪੀੜਤਾਂ ਨੂੰ ਯੋਗ ਮੁਆਵਜ਼ਾ ਨਾ ਦੇ ਕੇ ਪੀੜਤਾਂ ਦੇ ਜ਼ਖਮਾਂ 'ਤੇ ਲੂਣ ਭੁੱਕਿਆ : ਆਗੂ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ) ਭਾਰਤੀ ਕਿਸਾਨ ਯੂਨੀਅਨ ਕਾਦੀਆਂ ਬਲਾਕ ਮਹਿਲ ਕਲਾਂ ਦੀ ਮੀਟਿੰਗ ਬਲਾਕ ਜਨਰਲ ਸਕੱਤਰ ਪਰਮਜੀਤ ਸਿੰਘ ਪੰਮਾ ਨੰਬਰਦਾਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਜ਼ਿਲ੍ਹਾ ਕੈਸ਼ੀਅਰ ਊਧਮ ਸਿੰਘ ਜੋਧਪੁਰ ਦੇ ਭਰਾ ਸਤਨਾਮ ਸਿੰਘ ਦੀ ਕਰੰਟ ਲੱਗਣ ਨਾਲ ਅਚਾਨਕ ਹੋਈ ਬੇਵਕਤੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆ ਸ਼ੋਕ ਮਤਾ ਪਾਸ ਕੀਤਾ ਗਿਆ। ਇਸ ਮੌਕੇ ਕਿਸਾਨ ਆਗੂ ਨੰਬਰਦਾਰ ਪਰਮਜੀਤ ਸਿੰਘ, ਉਦੇ ਸਿੰਘ ਹਮੀਦੀ, ਮੀਡੀਆ ਸਲਾਹਕਾਰ ਡਾ: ਜਰਨੈਲ ਸਿੰਘ ਸਹੌਰ ਨੇ ਪੰਜਾਬ ਅਤੇ ਕੇਂਦਰ ਸਰਕਾਰ ਉਪਰ ਕਿਸਾਨ ਮਾਰੂ ਹੋਣ ਦੋਸ਼ ਲਗਾਉਂਦਿਆਂ ਕਿਹਾ ਕਿ ਪੰਜਾਬ ਦੇ ਵੱਖ ਵੱਖ ਇਲਾਕਿਆਂ 'ਚ ਹੜ੍ਹਾਂ ਤੋਂ ਪ੍ਰਭਾਵਿਤ ਕਿਸਾਨਾਂ ਨੂੰ ਅਜੇ ਤੱਕ ਵੀ ਰਾਹਤ ਮੁਆਵਜ਼ਾ ਰਾਸ਼ੀ ਪੀੜਤਾਂ ਨੂੰ ਨਹੀਂ ਮਿਲੀ। ਸਰਕਾਰ ਨੇ ਹੜ੍ਹ ਪੀੜਤਾਂ ਲਈ 6700 ਪ੍ਰਤੀ ਏਕੜ ਦੇਣ ਦਾ ਐਲਾਨ ਕਰਕੇ ਕਿਸਾਨਾਂ ਦੇ ਜ਼ਖਮਾਂ ਉਪਰ ਲੂਣ ਭੁੱਕਿਆ ਹੈ। ਆਗੂਆਂ ਨੇ ਕੇਂਦਰ, ਸੂਬਾ ਸਰਕਾਰ ਪਾਸੋਂ 70,000 ਰੁਪਏ ਪ੍ਰਤੀ ਏਕੜ, ਪਸ਼ੂਆਂ ਲਈ 60,000 ਰੁਪਏ ਪ੍ਰਤੀ ਅਤੇ ਢਹਿ ਗਏ ਘਰਾਂ ਅਤੇ ਖੇਤੀ ਮੋਟਰਾਂ, ਬੋਰਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ, ਤਾਂ ਜੋ ਪੀੜਤ ਕਿਸਾਨਾਂ ਨੂੰ ਕੁਝ ਰਾਹਤ ਮਿਲ ਸਕੇ। ਕਿਸਾਨ ਆਗੂ ਸਰਬਜੀਤ ਸਿੰਘ ਸਹੌਰ, ਸੁਰਿੰਦਰ ਸਿੰਘ ਵਜੀਦਕੇ, ਰਣਜੀਤ ਸਿੰਘ ਮਿੱਠੂ, ਜਸਵਿੰਦਰ ਸਿੰਘ ਛੀਨੀਵਾਲ, ਡਾ: ਸੁਖਦੀਪ ਸਿੰਘ ਕਲਾਲ ਮਾਜਰਾ, ਅਮਰਜੀਤ ਸਿੰਘ ਮਹਿਲ ਕਲਾਂ, ਕੁਲਦੀਪ ਸਿੰਘ ਹਮੀਦੀ ਨੇ ਕਣਕ ਦੀ ਬਿਜਾਈ ਦੇ ਮੱਦੇਨਜ਼ਰ ਡੀ ਏ ਪੀ ਖਾਦ ਦਾ ਪ੍ਰਬੰਧ ਤੁਰੰਤ ਕਰਨ ਦੀ ਮੰਗ ਕੀਤੀ। ਇਸ ਮੌਕੇ ਬਿੰਦਰ ਸਿੰਘ ਮਾਂਗੇਵਾਲ, ਪ੍ਰਗਟ ਸਿੰਘ, ਅਮਰ ਸਿੰਘ, ਦਰਬਾਰਾ ਸਿੰਘ ਸਹੌਰ, ਮਲਕੀਤ ਸਿੰਘ ਮਹਿਲ ਕਲਾਂ, ਸਰਬਜੀਤ ਸਿੰਘ ਗੰਗੋਹਰ, ਸੁਖਵਿੰਦਰ ਸਿੰਘ ਮਾਂਗੇਵਾਲ, ਕੇਸਰ ਸਿੰਘ ਸਹੌਰ, ਜਗਵਿੰਦਰ ਸਿੰਘ ਛੀਨੀਵਾਲ, ਮਹਿੰਦਰ ਸਿੰਘ, ਗੁਰਪ੍ਰੀਤ ਸਿੰਘ ਮਹਿਲ ਕਲਾਂ ਆਦਿ ਹਾਜ਼ਰ ਸਨ।

ਵਿਧਾਇਕ ਗੈਰੀ ਬੜਿੰਗ ਵੱਲੋਂ ਵਿਦਿਆਰਥੀਆਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ : ਪ੍ਰਿੰਸ, ਮਾਂਗਟ

■ ਦੇਸ਼ ਭਗਤ ਯੂਨੀਵਰਸਿਟੀ ਦੇ ਵਿਦਿਆਰਥੀਆਂ ਦਾ ਧਰਨੇ ਤੋਂ ਬਾਅਦ ਕੀਤਾ ਸਨਮਾਨ ਤੇ ਕੱਟਿਆ ਕੇਕ

ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)-ਦੇਸ਼ ਭਗਤ ਯੂਨੀਵਰਸਿਟੀ ਦੇ ਨਰਸਿੰਗ ਦੇ ਵਿਦਿਆਰਥੀਆਂ ਵੱਲੋਂ ਡਿਗਰੀਆਂ ਸਬੰਧੀ ਪਿਛਲੇ ਕਈ ਦਿਨਾਂ ਤੋਂ ਦਿੱਤਾ ਜਾ ਰਿਹਾ ਧਰਨਾ ਹਲਕਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਵੱਲੋਂ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਮੰਗਾਂ ਮੰਨਣ ਸਬੰਧੀ ਭੇਜੇ ਲਿਖਤੀ ਭਰੋਸੇ ਤੋਂ ਬਾਅਦ ਧਰਨਾ ਚੁੱਕ ਲਿਆ ਗਿਆ ਅਤੇ ਵਿਦਿਆਰਥੀਆਂ ਦਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਦੇ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ, ਆੜ੍ਹਤੀਆ ਐਸੋਸੀਏਸ਼ਨ ਅਮਲੋਹ ਦੇ ਪ੍ਰਧਾਨ ਪਰਮਵੀਰ ਸਿੰਘ ਮਾਂਗਟ ਅਤੇ ਹੋਰ ਆਗੂਆਂ ਵੱਲੋਂ ਵਿਦਿਆਰਥੀਆਂ ਨੂੰ ਬੁੱਕੇ ਨਾਲ ਸਨਮਾਨਤ ਕੀਤਾ ਗਿਆ ਅਤੇ ਕੇਕ ਕੱਟ ਕੇ ਖੁਸ਼ੀ ਦਾ ਇਜ਼ਹਾਰ ਵੀ ਕੀਤਾ ਗਿਆ। ਇਸ ਮੌਕੇ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ ਨੇ ਕਿਹਾ ਕਿ ਅਸੀਂ ਸਿਹਤ ਮੰਤਰੀ ਪੰਜਾਬ ਬਲਵੀਰ ਸਿੰਘ ਤੇ ਹਲਕਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਦੇ ਧੰਨਵਾਦੀ ਹਾਂ, ਜਿਨ੍ਹਾਂ ਯਤਨਾਂ ਸਦਕਾ ਵਿਦਿਆਰਥੀਆਂ ਦਾ ਮਸਲਾ ਹੱਲ ਹੋਇਆ ਹੈ, ਉਥੇ ਹੀ ਵਿਦਿਆਰਥੀਆਂ ਦਾ ਵੀ ਧੰਨਵਾਦ, ਜਿਨ੍ਹਾਂ ਸਾਡਾ ਸਾਥ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਆਉਣ ਵਾਲੇ ਸਮੇਂ ਵਿੱਚ ਵੀ ਵਿਦਿਆਰਥੀਆਂ ਨੂੰ ਕੋਈ ਸਮੱਸਿਆ ਆਵੇਗੀ ਤਾਂ ਉਸ ਦਾ ਹੱਲ ਵਿਧਾਇਕ ਬੜਿੰਗ ਦੇ ਧਿਆਨ 'ਚ ਲਿਆ ਕੇ ਪਹਿਲ ਦੇ ਆਧਾਰ 'ਤੇ ਕਰਵਾਇਆ ਜਾਵੇਗਾ ਅਤੇ ਹਰ ਸਮੇਂ ਵਿਦਿਆਰਥੀਆਂ ਦੇ ਨਾਲ ਖੜੇ ਹਾਂ। ਇਸ ਮੌਕੇ ਗੱਲਬਾਤ ਕਰਦਿਆਂ ਵਿਦਿਆਰਥੀਆਂ ਨੇ ਕਿਹਾ ਕਿ ਅਸੀਂ ਪੰਜਾਬ ਸਰਕਾਰ ਤੇ ਐੱਮ ਐੱਲ ਏ ਗੈਰੀ ਬੜਿੰਗ ਦਾ ਵਿਸ਼ੇਸ਼ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਸਾਨੂੰ ਪੰਜਾਬ ਸਰਕਾਰ ਦਾ ਲਿਖਤੀ ਪੱਤਰ ਸੌਂਪਿਆ ਹੈ, ਜਿਸ 'ਚ ਲਿਖਿਆ ਹੈ ਕਿ ਸਾਨੂੰ ਹੋਰਨਾਂ ਕਾਲਜਾਂ ਵਿੱਚ ਐਡਜਸਟ ਕੀਤਾ ਜਾਵੇਗਾ ਅਤੇ ਹੋਰ ਮੰਗਾਂ ਵੀ ਮੰਨੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਸਾਡੇ ਔਖੇ ਸਮੇਂ ਵਿੱਚ ਪੰਜਾਬ ਸਰਕਾਰ, ਹਲਕਾ ਅਮਲੋਹ ਦੇ ਵਿਧਾਇਕ ਤੇ ਵੱਖ ਵੱਖ ਪਾਰਟੀਆਂ ਖੜੀਆਂ ਹਨ, ਉਨ੍ਹਾਂ ਸਾਰਿਆਂ ਦਾ ਧੰਨਵਾਦ ਕਰਦੇ ਹਾਂ ਤੇ ਉਮੀਦ ਹੈ ਕਿ ਆਉਣ ਵਾਲੇ ਸਮੇਂ 'ਚ ਵੀ ਸਾਨੂੰ ਕੋਈ ਪ੍ਰੇਸ਼ਾਨੀ ਆਉਂਦੀ ਹੈ ਤਾਂ ਸਾਡਾ ਸਾਥ ਇਸੇ ਤਰ੍ਹਾਂ ਦਿੰਦੇ ਰਹਿਣਗੇ।

ਇਸ ਮੌਕੇ ਸ਼ਹਿਰੀ ਪ੍ਰਧਾਨ ਸਿਕੰਦਰ ਸਿੰਘ ਗੋਗੀ, ਯਾਦਵਿੰਦਰ ਸਿੰਘ ਲੱਕੀ ਭਲਵਾਨ, ਪ੍ਰਧਾਨ ਦਰਸ਼ਨ ਸਿੰਘ ਭੱਦਲਥੂਹਾ, ਪ੍ਰਧਾਨ ਕਿਸ਼ੋਰ ਚੰਦ ਖੰਨਾ, ਗੁਰਮੀਤ ਸਿੰਘ ਛੰਨਾ, ਹਰਦੀਪ ਸਿੰਘ ਬੜਿੰਗ, ਮਨਿੰਦਰ ਸਿੰਘ ਭੱਟੋ, ਪ੍ਰਧਾਨ ਹਰਜੀਤ ਸਿੰਘ ਬੈਣਾ, ਗੁਰਮੀਤ ਸਿੰਘ, ਰਾਜਵੀਰ ਸਿੰਘ ਸੌਟੀ, ਯਾਦਵਿੰਦਰ ਸਿੰਘ ਮਾਨਗੜ੍ਹ, ਦਵਿੰਦਰ ਸਿੰਘ ਅਰੋੜਾ, ਮਿੰਦੂ ਨਰਾਇਣਗੜ੍ਹ, ਰਣਜੀਤ ਸਿੰਘ ਕੋਟਲੀ, ਲੱਖਾ ਦੀਵਾ, ਜਿੰਮੀ ਲਾਡਪੁਰ, ਅਮਨਦੀਪ ਲਾਡਪੁਰ, ਹਰਵਿੰਦਰ ਕੰਜਾਰੀ, ਦਫਤਰ ਇੰਚਾਰਜ ਰਾਮ ਬਾਵਾ ਤੇ ਵੱਡੀ ਗਿਣਤੀ ਆਪ ਆਗੂ ਵਰਕਰ ਅਤੇ ਵਿਦਿਆਰਥੀ ਮੌਜੂਦ ਸਨ।

ਲਾਈਨਮੈਨ ਬਿਜਲੀ ਕੁਨੈਕਸ਼ਨ ਬਹਾਲ ਕਰਨ ਬਦਲੇ ਰਿਸ਼ਵਤ ਲੈਂਦਿਆਂ ਕਾਬੂ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਪੰਜਾਬ ਵਿਜੀਲੈਂਸ ਬਿਊਰੋ ਨੇ ਆਪਣੀ ਭ੍ਰਿਸ਼ਟਾਚਾਰ ਵਿਰੋਧੀ ਮੁਹਿਮ ਦੌਰਾਨ ਪੀ.ਐਸ.ਪੀ.ਸੀ.ਐਲ. ਦਫਤਰ ਗੋਨਿਆਣਾ, ਬਠਿੰਡਾ ਵਿਖੇ ਤਾਇਨਾਤ ਇੱਕ ਲਾਈਨਮੈਨ ਰਣਜੀਤ ਕੁਮਾਰ ਨੂੰ 35,000 ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਕਰਮਚਾਰੀ ਨੂੰ ਜਸਵਿੰਦਰ ਸਿੰਘ ਵਾਸੀ ਪਿੰਡ ਅਬਲੂ, ਜ਼ਿਲ੍ਹਾ ਬਠਿੰਡਾ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਨੇ ਇਸ ਸਬੰਧੀ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਸ਼ਿਕਾਇਤ ਦਰਜ ਕਰਵਾਈ ਸੀ। ਹੋਰ ਵੇਰਵੇ ਦਿੰਦਿਆਂ ਉਨ੍ਹਾਂ ਦੱਸਿਆ ਕਿ ਉਕਤ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਉਕਤ ਬਿਜਲੀ ਮੁਲਾਜ਼ਮ ਨੇ ਉਸ ਦੇ ਟਿਊਬਵੈੱਲ ਦਾ ਬਿਜਲੀ ਕੁਨੈਕਸ਼ਨ ਬਹਾਲ ਕਰਨ ਬਦਲੇ 35,000 ਰੁਪਏ ਬਤੌਰ ਰਿਸ਼ਵਤ ਲਏ ਸਨ ਕਿਉਂਕਿ ਅਪ੍ਰੈਲ ਮਹੀਨੇ ਵਿੱਚ ਆਈ ਹਨੇਰੀ ਕਾਰਨ ਅੱਠ ਖੰਭੇ ਟੁੱਟ ਗਏ ਸਨ। ਸ਼ਿਕਾਇਤਕਰਤਾ ਨੇ ਉਕਤ ਮੁਲਾਜ਼ਮ ਨਾਲ ਰਿਸ਼ਵਤ ਦੀ ਰਕਮ ਦੀ ਅਦਾਇਗੀ ਸਬੰਧੀ ਗੱਲਬਾਤ ਰਿਕਾਰਡ ਕੀਤੀ ਹੈ ਜੋ ਕਿ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ ਸੀ। ਬੁਲਾਰੇ ਨੇ ਦੱਸਿਆ ਕਿ ਬਿਊਰੋ ਦੀ ਰੇਂਜ ਬਠਿੰਡਾ ਵੱਲੋਂ ਇਸ ਸ਼ਿਕਾਇਤ ਦੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਇਸ ਸਬੰਧੀ ਸਬੰਧਤ ਪੀ.ਐਸ.ਪੀ.ਸੀ.ਐਲ. ਦਫਤਰ ਵੱਲੋਂ ਕੋਈ ਵੀ ਪੂਰਵ ਅਨੁਮਾਨ ਤਿਆਰ ਨਹੀਂ ਕੀਤਾ ਗਿਆ ਸੀ ਪਰ ਲਾਈਨਮੈਨ ਨੇ ਖੁਦ ਹੀ ਬਿਜਲੀ ਕੁਨੈਕਸ਼ਨ ਬਹਾਲ ਕਰਨ ਲਈ ਖੰਭੇ ਲਗਾ ਦਿੱਤੇ ਸਨ। ਵਿਜੀਲੈਂਸ ਬਿਊਰੋ ਬਠਿੰਡਾ ਯੂਨਿਟ ਨੇ ਦੋਸ਼ੀ ਕਰਮਚਾਰੀ ਨੂੰ ਸ਼ਿਕਾਇਤਕਰਤਾ ਤੋਂ 35,000 ਰੁਪਏ ਦੀ ਰਿਸ਼ਵਤ ਲੈਣ ਦਾ ਦੋਸ਼ੀ ਪਾਏ ਜਾਣ ਤੋਂ ਬਾਅਦ ਗ੍ਰਿਫਤਾਰ ਕਰ ਲਿਆ ਹੈ। ਇਸ ਸਬੰਧੀ ਕਥਿਤ ਦੋਸ਼ੀ ਬਿਜਲੀ ਮੁਲਾਜ਼ਮ ਖਿਲਾਫ ਵਿਜੀਲੈਂਸ ਬਿਊਰੋ ਦੇ ਥਾਣਾ ਬਠਿੰਡਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

ਕਾਤਰਾਂ

ਵੀਜ਼ਨ ਐਜੂਕੇਸ਼ਨ ਐਂਡ ਇਮੀਗ੍ਰੇਸ਼ਨ ਦੀ ਵਿਦਿਆਰਥਣ ਨੇ ਓਵਰਆਲ 8.5 ਬੈਂਡ ਪ੍ਰਾਪਤ ਕੀਤੇ

ਬਾਘਾਪੁਰਾਣਾ (ਮਨੀ ਸਿੰਗਲਾ)-ਬਾਘਾ ਪੁਰਾਣਾ ਦੇ ਮੇਨ ਬੱਸ ਸਟੈਂਡ ਵਿੱਚ ਸਥਿਤ ਇਲਾਕੇ ਦਾ ਨਾਮਵਰ ਸੈਂਟਰ ਵੀਜ਼ਨ ਐਜੂਕੇਸ਼ਨ ਐਂਡ ਇਮੀਗ੍ਰੇਸ਼ਨ ਦੇ ਡਾਇਰੈਕਟਰ ਯਾਦਵਿੰਦਰ ਸਿੰਘ ਬਰਾੜ, ਇਕਬਾਲ ਸਿੰਘ ਢਿੱਲੋਂ ਅਤੇ ਨੰਦ ਸਿੰਘ ਬਰਾੜ ਨੇ ਦੱਸਿਆ ਕਿ ਤਮੰਨਾ ਕਰਵਲ ਪੁੱਤਰੀ ਮਨਜੋਤ ਕੁਮਾਰ ਵਾਸੀ ਬਾਘਾਪੁਰਾਣਾ ਨੇ ਆਈਲੈਟਸ ਵਿੱਚੋਂ 8.5 ਬੈਂਡ ਸਕੋਰ ਪ੍ਰਾਪਤ ਕਰਕੇ ਆਪਣਾ ਅਤੇ ਸੈਂਟਰ ਦਾ ਨਾਂਅ ਰੋਸ਼ਨ ਕੀਤਾ। ਇਸ ਮੌਕੇ ਉਨ੍ਹਾਂ ਦੱਸਿਆ ਕਿ ਇੱਥੇ ਆਈਲੈਟਸ ਦੀ ਤਿਆਰੀ ਆਧੁਨਿਕ ਅਤੇ ਮਾਹਰ ਅਧਿਆਪਕਾਂ ਦੁਆਰਾ ਕਰਵਾਈ ਜਾਂਦੀ ਹੈ। ਇੱਥੇ ਵਿਦਿਆਰਥੀ ਨੂੰ ਕਲਾਸ ਉਸ ਦੇ ਲੈਵਲ ਦੇ ਹਿਸਾਬ ਨਾਲ ਦਿੱਤੀ ਜਾਂਦੀ ਹੈ। ਹਰੇਕ ਕਮਜ਼ੋਰ ਵਿਦਿਆਰਥੀਆਂ ਨੂੰ ਸਪੈਸ਼ਲ ਕਲਾਸਾਂ ਵੀ ਦਿੱਤੀਆਂ ਜਾਂਦੀਆਂ ਹਨ ਤਾਂ ਜੋ ਉਹ ਵਧੀਆ ਬੈਂਡ ਸਕੋਰ ਹਾਸਲ ਕਰਕੇ ਆਪਣਾ ਵਿਦੇਸ਼ ਜਾਣ ਦਾ ਸੁਪਨਾ ਸਾਕਾਰ ਕਰ ਸਕਣ। ਸੰਸਥਾ ਵੱਲੋਂ ਪੀ ਟੀ ਈ ਦੀ ਕੋਚਿੰਗ ਦਾ ਖਾਸ ਪ੍ਰਬੰਧ ਹੈ ਅਤੇ ਇਥੇ ਸਟੱਡੀ ਵੀਜ਼ਾ, ਵਿਜ਼ਟਰ ਵੀਜ਼ਾ ਅਤੇ ਓਪਨ ਵਰਕ ਪਰਮਿਟ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਹੈ। ਡਾਇਰੈਕਟਰ ਯਾਦਵਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਸੰਸਥਾ ਵੱਲੋਂ ਵੀਜ਼ੇ ਕਾਨੂੰਨੀ ਅਤੇ ਪਾਰਦਰਸ਼ੀ ਢੰਗ ਨਾਲ ਲਗਾਏ ਜਾਂਦੇ ਹਨ।

ਭਾਰਤ ਤੇ ਕੈਨੇਡਾ ਦੀਆਂ ਸਰਕਾਰਾਂ ਗੱਲਬਾਤ ਰਾਹੀਂ ਮਸਲੇ ਦਾ ਹੱਲ ਕੱਢਣ: ਜਥੇਦਾਰ ਪੰਜੋਲੀ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਬਿਆਨ 'ਚ ਜੋ ਕਿਹਾ ਕਿ ਉਸ ਨੂੰ ਗਲਤ ਇਸ ਲਈ ਨਹੀਂ ਠਹਿਰਾਇਆ ਜਾ ਸਕਦਾ ਕਿਉਂਕਿ ਉਨ੍ਹਾ ਦੇ ਦੇਸ਼ ਦਾ ਸੰਵਿਧਾਨ ਹਰ ਨਾਗਰਿਕ ਨੂੰ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨ ਅਤੇ ਨਾਗਰਿਕਾਂ ਦੀ ਰੱਖਿਆ ਕਰਨ ਦਾ ਅਧਿਕਾਰ ਦਿੰਦਾ ਹੈ ਤੇ ਇਸੇ ਤਰ੍ਹਾਂ ਭਾਰਤ ਦਾ ਸੰਵਿਧਾਨ ਵੀ ਹਰ ਵਿਅਕਤੀ ਨੂੰ ਲਿਖਣ, ਪੜ੍ਹਨ ਅਤੇ ਬੋਲਣ ਦੀ ਅਜ਼ਾਦੀ ਦਿੰਦਾ ਹੈ, ਜਿਸ ਸਬੰਧੀ ਭਾਰਤ ਦੀ ਸੁਪਰੀਮ ਕੋਰਟ ਵੀ ਸਪੱਸ਼ਟ ਕਰ ਚੁੱਕੀ ਹੈ ਕਿ ਜੇਕਰ ਕੋਈ ਵੀ ਵਿਅਕਤੀ ਬਿਨਾਂ ਕੋਈ ਹਿੰਸਾ ਕੀਤਿਆਂ ਅਜ਼ਾਦੀ ਲਈ ਸ਼ਾਂਤਮਈ ਸੰਘਰਸ਼ ਕਰਦਾ ਹੈ ਤਾਂ ਉਸ ਨੂੰ ਨਹੀਂ ਰੋਕਿਆ ਜਾ ਸਕਦਾ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕੈਨੇਡਾ ਅਤੇ ਭਾਰਤ ਦਰਮਿਆਨ ਬੀਤੇ ਦਿਨੀਂ ਸ਼ੁਰੂ ਹੋਈ ਬਿਆਨਬਾਜ਼ੀ ਦੇ ਸਬੰਧ 'ਚ ਬੋਲਦੇ ਹੋਏ ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਕੀਤਾ। ਉਨ੍ਹਾ ਕਿਹਾ ਕਿ ਕਿਸੇ ਦੇਸ਼ ਦੇ ਨਾਗਰਿਕ ਨੂੰ ਜੇਕਰ ਕੋਈ ਬਾਹਰੀ ਤਾਕਤ ਕਤਲ ਕਰਦੀ ਹੈ ਤਾਂ ਉਸ ਦੇਸ਼ ਨੂੰ ਮਾਮਲੇ ਦੀ ਤਹਿ ਤੱਕ ਜਾ ਕੇ ਅਪਰਾਧ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਸਜ਼ਾਵਾਂ ਦਿਵਾਉਣ ਦਾ ਅਧਿਕਾਰ ਹੈ। ਉਨ੍ਹਾ ਭਾਰਤ ਅਤੇ ਕੈਨੇਡਾ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਬੇਲੋੜੇ ਵਿਵਾਦ 'ਚ ਪੈਣ ਦੀ ਬਜਾਏ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਨੂੰ ਰਲ ਮਿਲ ਕੇ ਮਸਲੇ ਦਾ ਹੱਲ ਕੱਢਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਜੋ ਦੋਵਾਂ ਮੁਲਕਾਂ ਦੇ ਨਾਗਰਿਕਾਂ 'ਚ ਬੇਚੈਨੀ ਪੈਦਾ ਹੋਣ ਤੋਂ ਰੋਕੀ ਜਾ ਸਕੇ।

ਨਜਾਇਜ਼ ਸ਼ਰਾਬ ਸਣੇ ਇੱਕ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਥਾਣਾ ਸਰਹਿੰਦ ਦੀ ਪੁਲਸ ਵੱਲੋਂ ਨਜਾਇਜ਼ ਸ਼ਰਾਬ ਦੀਆਂ 24 ਬੋਤਲਾਂ ਸਣੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਰਹਿੰਦ ਦੇ ਪੁਰਾਣੇ ਬੱਸ ਸਟੈਂਡ ਨਜ਼ਦੀਕ ਪੁਲਸ ਪਾਰਟੀ ਸਮੇਤ ਚੈਕਿੰਗ ਕਰ ਰਹੇ ਥਾਣਾ ਸਰਹਿੰਦ ਦੇ ਸਹਾਇਕ ਥਾਣੇਦਾਰ ਸ਼ਮਸ਼ੇਰ ਸਿੰਘ ਨੂੰ ਸੂਚਨਾ ਮਿਲੀ ਸੀ ਕਿ ਗੁਰਪ੍ਰੀਤ ਸਿੰਘ, ਪਰਮਜੀਤ ਸਿੰਘ ਅਤੇ ਟਿੰਕੂ ਵਾਸੀਆਨ ਸਰਹਿੰਦ ਚੰਡੀਗੜ੍ਹ ਤੋਂ ਸਸਤੇ ਭਾਅ 'ਤੇ ਸ਼ਰਾਬ ਖਰੀਦ ਕੇ ਸਰਹਿੰਦ ਦੇ ਇਲਾਕੇ 'ਚ ਮਹਿੰਗੇ ਭਾਅ 'ਤੇ ਵੇਚਣ ਦਾ ਧੰਦਾ ਕਰਦੇ ਹਨ ਜਿਸ 'ਤੇ ਪੁਲਸ ਨੇ ਗੁਰਪ੍ਰੀਤ ਸਿੰਘ ਨੂੰ ਕਾਬੂ ਕਰਦੇ ਹੋਏ ਉਸ ਦੇ ਕਬਜ਼ੇ 'ਚੋਂ ਚੰਡੀਗੜ੍ਹ 'ਚ ਵਿਕਣਯੋਗ ਸ਼ਰਾਬ ਦੀਆਂ 24 ਬੋਤਲਾਂ ਬਰਾਮਦ ਕੀਤੀਆਂ। ਇਸ ਸਬੰਧੀ ਥਾਣਾ ਸਰਹਿੰਦ ਵਿਖੇ ਦਰਜ ਕੀਤੇ ਗਏ ਕੇਸ 'ਚ ਗੁਰਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਜਦੋਂ ਕਿ ਇਸੇ ਮਾਮਲੇ 'ਚ ਨਾਮਜ਼ਦ ਪਰਮਜ

23-Sep-PAGE-8.qxd 9/22/2023 10:24 PM Page 1

ਚਿੱਪ ਵਾਲੇ ਮੀਟਰਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਇਥੇ ਪਾਵਰਕਾਮ ਦੇ ਦਫਤਰ ਅੱਗੇ ਪਿੰਡਾਂ ਵਿੱਚ ਜਬਰੀ ਚਿੱਪ ਵਾਲ਼ੇ ਮੀਟਰ ਲਾਉਣ ਦੇ ਵਿਰੋਧ ਵਿੱਚ ਕਿਰਤੀ ਕਿਸਾਨ ਯੂਨੀਅਨ ਇਲਾਕਾ ਔੜ ਦੇ ਕਿਸਾਨਾਂ ਨੇ ਇਲਾਕਾ ਪ੍ਰਧਾਨ ਸੁਰਿੰਦਰ ਸਿੰਘ ਮਹਿਰਮਪੁਰ ਅਤੇ ਬਹਾਦਰ ਸਿੰਘ ਧਰਮਕੋਟ ਦੀ ਅਗਵਾਈ ਵਿੱਚ ਜਬਰਦਸਤ ਰੋਸ ਪ੍ਰਦਰਸ਼ਨ ਕੀਤਾ ਅਤੇ ਐਸ ਡੀ ਓ ਰਾਹੋਂ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਮੁਲਾਜ਼ਮਾਂ ਨੇ ਜਬਰੀ ਮੀਟਰ ਲਾਉਣ ਦੀ ਕੋਸ਼ਿਸ਼ ਕੀਤੀ ਤਾਂ ਕਿਸਾਨਾਂ ਅਤੇ ਮਜਦੂਰਾਂ ਦੇ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ।

ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ ਨੇ ਕਿਹਾ ਕਿ ਆਪ ਪਾਰਟੀ ਦੀ ਸਰਕਾਰ ਨੇ ਏਵਨ ਕੰਪਨੀ ਦੇ 5700 ਕਰੋੜ ਰੁ : ਦੇ ਮੀਟਰ ਖਰੀਦੇ ਹਨ ਇਨ੍ਹਾਂ ਮੀਟਰਾਂ ਦੇ ਲੱਗਣ ਨਾਲ਼ ਮੋਬਾਈਲਾਂ ਦੀ ਤਰ੍ਹਾਂ ਪਹਿਲਾਂ ਪੈਸੇ ਜਮ੍ਹਾ ਕਰਵਾਉਣੇ ਪਿਆ ਕਰਨਗੇ ਅਤੇ ਸਭ ਕੁੱਝ ਆਨਲਾਈਨ ਹੋਣ ਨਾਲ਼ ਹਜ਼ਾਰਾਂ ਕੰਮ ਕਰਨ ਵਾਲ਼ੇ ਮੁਲਾਜ਼ਮ ਬੇਰੁਜ਼ਗਾਰ ਹੋ ਜਾਣਗੇ। ਇਹ ਪੰਜਾਬ ਦੇ ਲੋਕਾਂ ਨਾਲ਼ ਸਰਾਸਰ ਠੱਗੀ ਹੈ। ਉਨ੍ਹਾਂ ਲੋਕਾਂ ਨੂੰ ਲਾਮਬੰਦ ਹੋਣ ਸੱਦਾ ਦਿੱਤਾ ਅਤੇ ਪਾਵਰਕਾਮ ਅਧਿਕਾਰੀਆਂ ਨੂੰ ਅਜਿਹੇ ਮੀਟਰ ਲਾਉਣ ਤੋਂ ਬਾਜ਼ ਆਉਣ ਲਈ ਕਿਹਾ। ਇਸ ਮੌਕੇ ਅਵਤਾਰ ਸਿੰਘ ਸਕੋਹ ਪੁਰ, ਬਲਿਹਾਰ ਸਿੰਘ ਹੰਸਰੋਂ, ਰਵੀ ਕੁਮਾਰ ਹੰਸਰੋਂ ਅਤੇ ਕੁਲਦੀਪ ਕੁਮਾਰ ਹੰਸਰੋਂ ਸਮੇਤ ਵੱਖ ਵੱਖ ਪਿੰਡਾਂ ਦੇ ਕਿਸਾਨ ਮਜ਼ਦੂਰ ਹਾਜ਼ਰ ਸਨ। ਐਸ ਡੀ ਓ ਰਾਹੋਂ ਨੇ ਭਰੋਸਾ ਦੁਆਇਆ ਬਿਨਾਂ ਜਥੇਬੰਦੀ ਨੂੰ ਸੂਚਿਤ ਕੀਤਿਆਂ ਕੋਈ ਮੀਟਰ ਨਹੀਂ ਲਗਾਇਆ ਜਾਵੇਗਾ।

ਸਿਹਤ ਵਿਭਾਗ ਦੀਆਂ ਟੀਮਾਂ ਨੇ ਡੇਂਗੂ ਤੋਂ ਬਚਾਅ ਲਈ ਲੋਕਾਂ ਨੂੰ ਕੀਤਾ ਜਾਗਰੂਕ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)- ਸਿਵਲ ਸਰਜਨ ਹੁਸ਼ਿਆਰਪੁਰ ਡਾ: ਬਲਵਿੰਦਰ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ: ਕਰਮ ਕੁਮਾਰ ਸੈਣੀ ਐਸ ਐਮ ਓ ਟਾਂਡਾ ਦੀ ਯੋਗ ਅਗਵਾਈ ਹੇਠ ਸਿਹਤ ਵਿਭਾਗ ਦੀਆਂ ਟੀਮਾਂ ਨੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰੀ ਖੇਤਰ ਵਿਚ ਲਾਰਵੇ ਦੀ ਜਾਂਚ ਕਰਕੇ ਮੱਛਰਾਂ ਤੋਂ ਬਚਾਅ ਸੰਬੰਧੀ ਲੋਕਾਂ ਨੂੰ ਜਾਗਰੂਕ ਕੀਤਾ ।

ਇਸ ਮੌਕੇ ਟੀਮਾਂ ਵੱਲੋਂ ਲੋਕਾਂ ਨੂੰ ਮੱਛਰ ਤੋਂ ਹੋਣ ਵਾਲੀਆਂ ਬਿਮਾਰੀਆਂ ਬਾਰੇ ਜਾਣਕਾਰੀ ਦਿੱਤੀ ਗਈ। ਲੋਕਾਂ ਨੂੰ ਦੱਸਿਆ ਗਿਆ ਕਿ ਡੇਂਗੂ ਦਾ ਮੱਛਰ ਸਾਫ ਖੜ੍ਹੇ

ਪਾਣੀ ਵਿਚ ਪੈਦਾ ਹੁੰਦਾ ਹੈ ਜੋ ਕਿ ਸਵੇਰੇ ਸ਼ਾਮ ਵੇਲੇ ਕੱਟਦਾ ਹੈ । ਡੇਂਗੂ ਹੋਣ ਦੇ ਲੱਛਣ 'ਤੇ ਤੇਜ ਬੁਖਾਰ, ਸਿਰ ਦਰਦ ,ਅੱਖਾਂ ਦੇ ਪਿੱਛੇ ਦਰਦ, ਮਾਸਪੇਸ਼ੀਆਂ ਵਿੱਚ ਦਰਦ, ਚਮੜੀ ਤੇ ਧੱਫੜ ਆਦਿ ਹਨ। ਜੇਕਰ ਕਿਸੇ ਵਿਅਕਤੀ ਵਿੱਚ ਅਜਿਹੇ ਲੱਛਣ ਪਾਏ ਜਾਣ ਤਾਂ ਉਸਨੂੰ ਸਰਕਾਰੀ ਸਿਹਤ ਸੰਸਥਾ ਵਿਚ ਸੰਪਰਕ ਕਰਨਾ ਚਾਹੀਦਾ ਹੈ ।

ਲੋਕਾਂ ਨੂੰ ਡੇਂਗੂ ਤੋਂ ਬਚਾਅ ਲਈ ਲੋੜੀਂਦੀਆਂ ਸਾਵਧਾਨੀਆਂ ਵਰਤਣ 'ਤੇ ਜੋਰ ਦਿੰਦਿਆਂ ਕਿਹਾ ਕਿ ਕੂਲਰਾਂ ,ਗਮਲਿਆਂ ਤੇ ਫਰਿਜਾਂ ਦੀਆਂ ਟਰੇਆਂ ਵਿੱਚ ਜਮ੍ਹਾ ਪਾਣੀ ਹਫਤੇ ਵਿੱਚ ਇੱਕ ਵਾਰ ਬਦਲ ਕੇ ਸੁੱਕਾ ਲਵੋ । ਡੇਂਗੂ ਨੂੰ ਫੈਲਣ ਤੋਂ ਰੋਕਣ ਲਈ ਰਾਤ ਨੂੰ ਮੱਛਰ ਭਜਾਉਣ ਵਾਲੀਆਂ ਕਰੀਮਾਂ, ਬਿਜਲੀ ਦੀ ਉਪਕਰਣ, ਮੱਛਰਦਾਨੀ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਮੌਕੇ ਡਾ:ਕਰਨ ਸਿੰਘ ਵਿਰਕ, ਅਵਤਾਰ ਸਿੰਘ, ਡਾ:ਵਿਕਰਮ ਸਿੰਘ, ਡਾ: ਸ਼ਗੁਨ, ਡਾ: ਹਰਪ੍ਰੀਤ ਸਿੰਘ, ਡਾ: ਰਵੀ ਕੁਮਾਰ, ਡਾ: ਸਰੋਜ, ਡਾ: ਦੀਪਕ ਸ਼ਰਮਾ, ਸਵਿੰਦਰ ਸਿੰਘ, ਰੰਜੀਵਪਾਲ ਸਿੰਘ, ਕੁਲਵੀਰ ਸਿੰਘ, ਜਤਿੰਦਰ ਸਿੰਘ, ਗੁਰਜੀਤ ਸਿੰਘ, ਵਿਨੋਦ ਕੁਮਾਰ, ਜਸਵੀਰ ਸਿੰਘ, ਲਸ਼ਕਰ ਸਿੰਘ ਅਤੇ ਹੋਰ ਸਟਾਫ ਹਾਜ਼ਰ ਸੀ ।

ਪੀ ਐਸ ਆਈ ਈ ਸੀ ਦੇ ਮੁਲਾਜ਼ਮ ਸੁਧੀਰ ਅਰੋੜਾ ਦੇ ਪਰਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ : ਵਿਰਦੀ

ਜਲੰਧਰ(ਰਾਜੇਸ਼ ਥਾਪਾ)- ਪੀ.ਐਸ.ਆਈ.ਈ.ਸੀ.ਦੇ ਮੁਲਾਜਮ ਸੁਧੀਰ ਅਰੋੜਾ ਦੀ ਮੌਤ 'ਤੇ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਪ.ਸ.ਸ.ਫ.ਜਲੰਧਰ ਦੇ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ,ਜਨਰਲ ਸਕੱਤਰ ਨਿਰਮੋਲਕ ਸਿੰਘ ਹੀਰਾ,ਵਿੱਤ ਸਕੱਤਰ ਅਕਲ ਚੰਦ ਸਿੰਘ,ਪ.ਸ.ਸ.ਫ.ਦੇ ਸੂਬਾ ਕਮੇਟੀ ਮੈਂਬਰ ਕੁਲਦੀਪ ਵਾਲੀਆ, ਤਰਸੇਮ ਮਾਧੋਪੁਰੀ ਅਤੇ ਪੀ.ਐੱਸ.ਆਈ.ਈ ਸੀ.ਦੇ ਪ੍ਰਧਾਨ ਗੋਬਿੰਦ, ਜਗੀਰ ਸਿੰਘ ਸਹੋਤਾ, ਪ੍ਰਦੀਪ ਚੰਦ ਆਦਿ ਨੇ ਕਿਹਾ ਕਿ ਪੀ.ਐੱਸ.ਆਈ.ਈ.ਸੀ.ਵਲੋਂ ਇੰਡਸਟਰੀਅਲ ਫੋਕਲ ਪੁਆਇੰਟ ਜਲੰਧਰ ਦੇ ਆਪਣੇ 40 ਮੁਲਾਜਮਾਂ ਨੂੰ ਜੋ 24-07-2023 ਨੂੰ ਨਗਰ ਨਿਗਮ ਜਲੰਧਰ ਨੂੰ ਟਰਾਂਸਫਰ ਕੀਤੇ ਗਏ ਸਨ ਅਤੇ 39 ਮੁਲਾਜਮਾਂ ਨੂੰ 31-07-2023 ਨੂੰ ਰਲੀਵ ਕੀਤਾ ਗਿਆ ਸੀ ਉਹਨਾਂ ਮੁਲਾਜਮਾਂ ਨੇ ਕਮਿਸ਼ਨਰ ਨਗਰ ਨਿਗਮ ਜਲੰਧਰ ਦਫਤਰ ਵਿੱਚ ਮਿਤੀ 01-08-2023 ਨੂੰ ਆਪਣੀਆਂ ਜੁਆਇੰਨਿੰਗ ਰਿਪੋਰਟ ਨੂੰ ਡਾਇਰੀ ਕਰਵਾਇਆ ਗਿਆ ਸੀ। ਪਰ ਕਮਿਸ਼ਨਰ ਨਗਰ ਨਿਗਮ ਜਲੰਧਰ ਵਲੋਂ ਮੁਲਾਜਮਾਂ ਦੀ ਕੋਈ ਨਾ ਹਾਜਰੀ ਲਗਵਾਈ ਗਈ ਅਤੇ ਨਾ ਹੀ ਕਿਸੇ ਕੰਮ 'ਤੇ ਲਾਇਆ ਗਿਆ। ਮੁਲਾਜਮਾਂ ਦੀ ਹਾਜਰੀ ਨੂੰ ਨਿਯਮਤ ਰੂਪ ਵਿੱਚ ਲਗਵਾਉਣ ਅਤੇ ਮੁਲਾਜਮਾਂ ਨੂੰ ਡਿਊਟੀਆਂ ਦੀ ਸਹੀ ਸਹੀ ਵੰਡ ਕਰਨ ਲਈ ਮੁਲਾਜਮਾਂ ਦਾ ਪਿਛਲੇ ਸਮੇਂ ਵਿੱਚ ਲਗਾਤਾਰ ਧਰਨਾ ਪ੍ਰਦਰਸ਼ਨ ਵੀ ਚੱਲਦਾ ਰਿਹਾ ਸੀ ਪਰ ਕਮਿਸ਼ਨ/ਪ੍ਰਸ਼ਾਸਨ ਨਗਰ ਨਿਗਮ ਜਲੰਧਰ ਵਲੋਂ ਮੁਲਾਜਮਾਂ ਦੀ ਸਮੱਸਿਆ ਦਾ ਅਜੇ ਤੱਕ

ਕੋਈ ਵੀ ਹੱਲ ਨਹੀਂ ਕੀਤਾ ਗਿਆ। ਜਿਸ ਕਾਰਨ ਸਾਰੇ ਮੁਲਾਜਮਾਂ ਬਹੁਤ ਘਬਰਾਹਟ ਅਤੇ ਟੈਨਸ਼ਨ ਵਿੱਚ ਆ ਗਏ ਸਨ। ਜਿਸ ਕਾਰਨ ਸੁਧੀਰ ਅਰੋੜਾ ਇੰਡ: ਫੋਕਲ ਪੁਆਇੰਟ ਜਲੰਧਰ ਦੀ 20-09-2023 ਨੂੰ ਮੌਤ ਹੋ ਗਈ। ਇਸ ਦਾ ਮੁਲਾਜਮਾਂ ਵਿੱਚ ਬਹੁਤ ਰੋਸ ਪਾਇਆ ਜਾ ਰਿਹਾ ਹੈ। ਸੁਧੀਰ ਅਰੋੜਾ 'ਤੇ ਘਰ ਪਰਵਾਰ ਨਿਰਭਰ ਸੀ ਅਤੇ ਸੁਧੀਰ ਦੇ ਪਿਤਾ ਦਿਮਾਗ ਦੇ ਟਇਊਮਰ ਅਤੇ ਪਤਨੀ ਉੱਚ ਸੂਗਰ ਦੀ ਮਰੀਜ ਹਨ। ਜਿਹਨਾਂ ਦੀ ਹਾਲਤ ਬਹੁਤ ਗੰਭੀਰ ਹੈ । ਸੁਧੀਰ ਅਰੋੜਾ ਦੇ ਦੋ ਬੱਚੇ ਪੜ੍ਹਾਈ ਕਰਦੇ ਹਨ। ਹੁਣ ਉਸ ਪਰਵਾਰ ਵਿੱਚ ਦੇਖ-ਭਾਲ ਅਤੇ ਕਮਾਉਣ ਵਾਲਾ ਕੋਈ ਨਹੀਂ ਰਿਹਾ । ਇਸ ਲਈ ਪ ਸ ਸ ਫ ਅਤੇ ਪੀ ਐਸ ਆਈ ਈ ਸੀ ਮੁਲਾਜ਼ਮ ਯੂਨੀਅਨ 1406/22-ਬੀ ਚੰਡੀਗੜ੍ਹ ਜਥੇਬੰਦੀ ਜੋਰਦਾਰ ਢੰਗ ਨਾਲ ਮੰਗ ਕਰਦੀ ਹੈ ਕਿ ਕਮਿਸ਼ਨਰ/ ਪ੍ਰਸ਼ਾਸਨ ਨਗਰ ਨਿਗਮ ਜਲੰਧਰ ਸਦੀਵੀ ਵਿਛੋੜਾ ਦੇ ਗਏ ਸੁਧੀਰ ਅਰੋੜਾ ਦੇ ਪਰਵਾਰ ਦੀ ਇੱਕ ਕਰੋੜ ਰੁਪਏ ਦੀ ਮਾਲੀ ਮੱਦਦ ਕਰੇ ਅਤੇ ਪਰਵਾਰ ਦੇ ਇੱਕ ਮੈਂਬਰ ਨੂੰ ਪੱਕੀ ਰੈਗੂਲਰ ਸਰਕਾਰੀ ਨੌਕਰੀ ਦਿੱਤੀ ਜਾਵੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਗੋਬਿੰਦ, ਪ੍ਰਦੀਪ ਚੰਦ, ਅਨੰਦ, ਰੋਸ਼ਨ ਲਾਲ, ਰਾਮ ਲਾਲ,ਰਾਮ ਬਿਲਾਸ,ਇੰਦਲ,ਸੋਹਣ ਲਾਲ, ਮੋਹਣ ਲਾਲ,ਦੇਸ ਰਾਜ, ਵਰਿੰਦਰ ਰਾਏ, ਅਮਿਤ, ਜੋਗਿੰਦਰ, ਸਤੀਸ਼, ਸੁੱਚਾ ਰਾਮ, ਅਸ਼ਵਨੀ,ਪਾਲ ਸਿੰਘ, ਇੰਦਰਜੀਤ,ਸੁੱਖ ਰਾਮ,ਬੱਜਰੀ ਪ੍ਰਸਾਦ,ਮੰਗਲ,ਤ੍ਰੀਭਵਨ, ਰਾਮ ਨਰੇਸ਼, ਕਮਲੇਸ਼ ਰਾਣੀ, ਰਾਮ ਬ੍ਰਿਸ ਆਦਿ ਸਾਥੀ ਹਾਜਰ ਹੋਏ।

ਜ਼ਿਲ੍ਹਾ ਪੱਧਰੀ ਵੇਟਲਿਫਟਿੰਗ 'ਚ ਭਰਤਗੜ੍ਹ ਦੇ ਲਿਫਟਰਾਂ ਨੇ ਜਿੱਤੀ ਚੈਂਪੀਅਨਸ਼ਿਪ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)-67ਵੀਆਂ ਪੰਜਾਬ ਰਾਜ ਸਕੂਲ ਖੇਡਾਂ ਦੇ ਅੰਤਰਗਤ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਹਲਕਾ ਵਿਧਾਇਕ ਰੂਪਨਗਰ ਦਿਨੇਸ਼ ਕੁਮਾਰ ਚੱਢਾ ਦੀ ਅਗਵਾਈ ਹੇਠ ਸ.ਸ.ਸ.ਸ.ਸਕੂਲ ਚਨੌਲੀ ਬਸੀ ਵਿਖੇ ਚੱਲ ਰਹੇ ਜ਼ਿਲ੍ਹਾ ਰੂਪਨਗਰ ਸਕੂਲਾਂ ਦੇ ਵੇਟਲਿਫਟਿੰਗ ਅਤੇ ਪਾਵਰ ਲਿਫਟਿੰਗ ਮੁਕਾਬਲਿਆਂ ਦੇ ਦੂਜੇ ਦਿਨ ਅੰਡਰ 17/19 ਸਾਲ ਲੜਕਿਆਂ ਦੇ ਵੇਟ ਲਿਫਟਿੰਗ ਮੁਕਾਬਲੇ ਕਰਵਾਏ ਗਏ ਜੋ ਦੇਰ ਸ਼ਾਮ ਜਾ ਕੇ ਸਮਾਪਤ ਹੋਏ, ਇਹਨਾਂ ਮੁਕਾਬਲਿਆਂ ਦਾ ਉਦਘਾਟਨ ਪ੍ਰਿੰ.ਕਮ ਕਨਵੀਨਰ ਸ਼ਰਨਜੀਤ ਕੌਰ ਅਤੇ ਸੇਵਾ ਮੁਕਤ ਮੁੱਖ ਅਧਿਆਪਕ ਤੇ ਵੇਟਲਿਫਟਿੰਗ ਕੋਚ ਸੁਰਿੰਦਰ ਪਾਲ ਭੱਲਾ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਜਦਕਿ ਸ਼ਾਮ ਸਮੇਂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਕਰਨ ਲਈ ਐਸ.ਐਚ.ਓ ਨੂਰਪੁਰ ਬੇਦੀ ਗੁਰਬਿੰਦਰ ਸਿੰਘ ਢਿੱਲੋਂ ਮੁੱਖ ਮਹਿਮਾਨ ਵਜੋਂ ਪੁੱਜੇ। ਉਪ ਕਨਵੀਨਰ ਅਰਵਿੰਦਰ ਕੁਮਾਰ ਨੇ ਦੱਸਿਆ ਕਿ ਹੋਏ ਮੁਕਾਬਲਿਆਂ ਦੌਰਾਨ ਅੰਡਰ 17 ਸਾਲ ਲੜਕਿਆਂ ਦੀ ਓਵਰ ਆਲ ਚੈਂਪੀਅਨਸ਼ਿਪ ਵਿਚ ਸ.ਸ.ਸ.ਸਕੂਲ ਸਰਸਾ ਨੰਗਲ ਦੇ ਖਿਡਾਰੀਆਂ ਨੇ 130 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਸ.ਸ.ਸ.ਸ.ਸਕੂਲ ਚਨੌਲੀ ਬਸੀ ਨੇ 123 ਅੰਕ ਪ੍ਰਾਪਤ ਕਰਕੇ ਦੂਸਰਾ, ਸ.ਸ.ਸ.ਸ.ਸਕੂਲ ਦੁੱਗਰੀ ਨੇ 70 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਅੰਡਰ 19 ਸਾਲ ਉਮਰ ਵਰਗ ਦੀ ਚੈਂਪੀਅਨਸ਼ਿਪ ਵਿਚ ਸ.ਸ.ਸ.ਸਕੂਲ ਭਰਤਗੜ੍ਹ ਨੇ 79 ਅੰਕ ਪ੍ਰਾਪਤ ਕਰਕੇ ਪਹਿਲਾ, ਸਰਸਾ ਨੰਗਲ ਨੇ 78 ਅੰਕ ਲੈ ਕੇ ਦੂਸਰਾ ਅਤੇ ਚਨੌਲੀ ਬਸੀ ਸਕੂਲ ਨੇ 76 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਜਸਕਰਨ ਸਿੰਘ ਭਰਤਗੜ੍ਹ ਨੂੰ ਬੈਸਟ ਲਿਫਟਰ ਦੇ

ਖਿਤਾਬ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਖਿਡਾਰੀਆਂ ਦੀ ਹੌਸਲਾ ਅਫਜਾਈ ਲਈ ਸਰਪੰਚ ਭੁਪਿੰਦਰ ਸਿੰਘ ਚਨੌਲੀ, ਵਲੀ ਸਿੰਘ ਸੇਵਾ ਮੁਕਤ ਮੁੱਖ ਅਧਿਆਪਕ, ਗੁਰਚਰਨ ਸਿੰਘ ਧੰਨਾ, ਡਾਕਟਰ ਕਮਲਜੀਤ ਸਿੰਘ, ਆਪ ਆਗੂ ਜਸਵੰਤ ਸਿੰਘ ਬੱਲਾ ਅਤੇ ਲੈਕ. ਬਲਜਿੰਦਰ ਗੀਹਲ ਉਪ ਕਨਵੀਨਰ ਪਾਵਰ ਲਿਫਟਿੰਗ, ਸੰਜੀਵ ਘਈ, ਹਰਪ੍ਰੀਤ ਸਿੰਘ,ਅਜੀਤ ਸਿੰਘ, ਦਲਜੀਤ ਕੌਰ ਡੀ.ਪੀ.ਈ,ਸਰਬਜੀਤ ਕੌਰ ਪੀ.ਟੀ.ਆਈ, ਕੁਲਵਿੰਦਰ ਸਿੰਘ ਪੀ.ਟੀ.ਆਈ, ਨਵਦੀਪ ਸਿੰਘ, ਵਿਜੈ ਕੁਮਾਰ ਅਤੇ ਅਮਨ ਕੁਮਾਰ ਅਤੇ ਲੈਕ ਸਸੀ ਬਾਲਾ, ਲੈਕ. ਹਰਨੇਕ ਸਿੰਘ, ਬਲਜਿੰਦਰ ਕੌਰ, ਮਾ. ਪਵਨ ਕੁਮਾਰ, ਇੰਦਰ ਦੇਵ, ਬਲਰਾਮ ਕੁਮਾਰ,ਅਸਵਨੀ ਕੁਮਾਰ, ਗੁਰਚਰਨ ਸਿੰਘ, ਇੰਦਰਜੀਤ ਸਿੰਘ, ਤਲਵਿੰਦਰ ਸਿੰਘ, ਸਤਵੰਤ ਕੌਰ, ਇੰਦੂ ਸ਼ਰਮਾ,ਭੁਪਿੰਦਰ ਸਿੰਘ, ਰਣਵੀਰ ਸਿੰਘ ਆਦਿ ਹਾਜਰ ਸਨ।

ਜ਼ਿਲ੍ਹਾ ਪ੍ਰਸ਼ਾਸਨ, ਸਿੱਖਿਆ ਵਿਭਾਗ ਤੇ ਸਰਕਾਰ ਨੂੰ ਨਹੀਂ ਹੈ ਬੱਚਿਆਂ ਦੇ ਭਵਿੱਖ ਦਾ ਫਿਕਰ : ਸੰਧੂ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)—ਸਰਕਾਰੀ ਸਕੂਲ ਦੇ ਮੁੱਦੇ ਨੇ ਲਗਭਗ ਦੋ ਦਹਾਕਿਆਂ ਤੋਂ ਨੂਰਮਹਿਲ ਇਲਾਕੇ ਦੇ ਬੱਚਿਆਂ ਦੇ ਭਵਿੱਖ ਨੂੰ ਧੁੰਧਲਾਇਆ ਹੋਇਆ ਹੈ। ਸਰਕਾਰੀ ਸਕੂਲ ਵਿਵਾਦਾਂ ਵਿੱਚ ਹੈ। ਅਕਾਲੀ-ਭਾਜਪਾ ਦੇ ਤਤਕਾਲੀਨ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਨੇ ਇਲਾਕੇ ਦੇ ਬੱਚਿਆਂ ਦੇ ਭਵਿੱਖ ਦੀ ਚਿੰਤਾ ਨੂੰ ਮੁੱਖ ਰੱਖਦਿਆਂ ਆਪਣੀ ਸਰਕਾਰ ਕੋਲੋਂ 1 ਕਰੋੜ 17 ਲੱਖ ਦੀ ਸਰਕਾਰੀ ਗ੍ਰਾਂਟ ਜਾਰੀ ਕਰਵਾਈ ਸੀ ਜਿਨ੍ਹਾਂ ਵਿੱਚੋਂ 57 ਲੱਖ 15 ਹਜਾਰ 500 ਰੁਪਏ ਦੀ ਰਾਸ਼ੀ ਨਾਲ ਸਕੂਲ ਦੀ ਨਵੀਂ ਬਿਲਡਿੰਗ ਦਾ ਨਿਰਮਾਣ ਕਰਵਾਇਆ ਪਰ ਬਦਕਿਸਮਤੀ ਕਾਰਣ ਇਹ ਨਿਰਮਾਣ ਅੱਧ ਵਿਚਾਲੇ ਹੀ ਰਹਿ ਗਿਆ। ਸਰਕਾਰੀ ਸਕੂਲ ਰਾਜਨੀਤਕ ਲੀਡਰਾਂ ਅਤੇ ਮਾੜੀ ਸੋਚ ਵਾਲੇ ਲੋਕਾਂ ਦੀ ਮਾੜੀ ਸੋਚ ਕਾਰਨ ਅੱਜ ਵੀ ਅਧੂਰਾ ਪਿਆ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਨੰਬਰਦਾਰ ਯੂਨੀਅਨ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਨੇ ਕੀਤਾ। ਉਹਨਾਂ ਕਿਹਾ ਕਿ ਉਹ ਸਰਕਾਰੀ ਸਕੂਲ ਦੇ ਨਿਰਮਾਣ ਨੂੰ ਮੁਕੰਮਲ ਕਰਵਾਉਣ ਲਈ ਪੂਰੀ ਤਰ੍ਹਾਂ ਯਤਨਸ਼ੀਲ ਹਨ। ਇਸੇ ਕਾਰਨ ਉਹਨਾਂ ਪਹਿਲਾਂ ਡੀ.ਸੀ. ਜਲੰਧਰ ਵਿਸ਼ੇਸ਼ ਸਾਰੰਗਲ ਨਾਲ ਮੁਲਾਕਾਤ ਕੀਤੀ ਅਤੇ ਫਿਰ ਸਿੱਖਿਆ ਵਿਭਾਗ ਪੰਜਾਬ ਦੇ ਡਾਇਰੈਕਟਰ ਜਨਰਲ ਵਿਨੈ ਬੁਬਲਾਨੀ ਆਈ.ਏ.ਐਸ ਨਾਲ ਮੁਲਾਕਾਤ ਕੀਤੀ। ਇਸ ਮੌਕੇ ਲਾਇਨਜ ਕਲੱਬ ਨੂਰਮਹਿਲ ਦੀ ਪ੍ਰਧਾਨ ਲਾਇਨ ਸੋਮਿਨਾ ਸੰਧੂ,

ਕੋਆਰਡੀਨੇਟਰ ਲਾਇਨ ਬਬਿਤਾ ਸੰਧੂ, ਪੀ.ਆਰ.ਓ ਲਾਇਨ ਰੋਹਿਤ ਸੰਧੂ ਨੇ ਦੱਸਿਆ ਕਿ ਉਹਨਾਂ ਨੇ ਜ਼ਿਲ੍ਹਾ ਪ੍ਰਧਾਨ ਦੀ ਅਗਵਾਈ ਵਿੱਚ ਡਾਇਰੈਕਟਰ ਜਨਰਲ ਵਿਨੈ ਬੁਬਲਾਨੀ ਨੂੰ ਮੰਗ ਪੱਤਰ ਵੀ ਸੌਂਪਿਆ ਅਤੇ ਉਹਨਾਂ ਦੇ ਹੁਕਮਾਂ 'ਤੇ ਸਕੂਲ ਨਾਲ ਸੰਬੰਧਤ ਸਾਰਾ ਰਿਕਾਰਡ ਦੇਖਿਆ। ਸਿੱਟੇ ਵੱਜੋਂ ਇਹ ਪਾਇਆ ਗਿਆ ਕਿ ਜ਼ਿਲ੍ਹਾ ਪ੍ਰਸ਼ਾਸਨ, ਸਿੱਖਿਆ ਵਿਭਾਗ ਅਤੇ ਸਰਕਾਰ ਵੱਲੋਂ ਸਕੂਲ ਦੇ ਮਸਲੇ ਨੂੰ ਅਣਗੌਲਿਆ ਕੀਤਾ ਹੋਇਆ ਹੈ। ਸਿੱਖਿਆ ਵਿਭਾਗ ਪਾਸ ਸਰਕਾਰੀ ਫੰਡ ਦੀ ਵੀ ਕੋਈ ਨਹੀਂ ਹੈ। ਸੰਧੂ ਨੇ ਕਿਹਾ ਕਿ ਜੇਕਰ ਸਾਬਕਾ ਹਲਕਾ ਵਿਧਾਇਕ ਵਡਾਲਾ ਸਕੂਲ ਨਿਰਮਾਣ ਲਈ ਉੱਦਮ ਕਰਕੇ ਸਵਾ ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰਵਾ ਸਕਦੇ ਹਨ, ਬਿਲਡਿੰਗ ਬਣਵਾ ਸਕਦੇ ਹਨ ਫਿਰ ਮੌਜੂਦਾ ਵਿਧਾਇਕ ਬੀਬੀ ਇੰਦਰਜੀਤ ਕੌਰ ਮਾਨ ਬਣੀ ਬਣਾਈ ਬਿਲਡਿੰਗ

ਸਫਾਈ ਕਰਮਚਾਰੀ ਤੇ ਸੀਵਰਮੈਨਾਂ ਦੀ ਭਰਤੀ ਦੇ ਸਮਰਥਨ 'ਚ ਆਈਆਂ ਸਮਾਜਕ ਜਥੇਬੰਦੀਆਂ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਸਥਾਨਕ ਨਗਰ ਨਿਗਮ ਵਿਖੇ ਸਫਾਈ ਕਰਮਚਾਰੀ ਯੂਨੀਅਨ ਰਜਿਸਟਰ ਨਗਰ ਨਿਗਮ ਦੇ ਚੇਅਰਮੈਨ ਰਾਕੇਸ਼ ਸਿੱਧੂ ਸਮੂਹ ਸਮਾਜਿਕ ਸੰਗਠਨਾਂ ਦੀ ਮੀਟਿੰਗ ਬੁਲਾਈ ਗਈ। ਚੇਅਰਮੈਨ ਫਾਈਨਾਂਸ ਕਮੇਟੀ ਨਗਰ ਕੌਂਸਲਰ ਬਲਵਿੰਦਰ ਬਿੰਦੀ, ਪ੍ਰਧਾਨ ਚੰਦਨ ਲੱਕੀ ਆਲ ਇੰਡੀਆ ਪ੍ਰਧਾਨ ਅਤਿਆਚਾਰ ਵਿਰੋਧੀ ਫਰੰਟ, ਪੰਜਾਬ ਪ੍ਰਧਾਨ ਰਵਿਦਾਸ ਟਾਈਗਰ ਫੋਰਸ ਬਿੰਦਰ ਸਰੋਆ,ਬੇਗਮਪੁਰਾ ਟਾਈਗਰ ਪੰਜਾਬ ਪ੍ਰਧਾਨ ਵੀਰਪਾਲ ਠਰੋਲੀ, ਹੈਪੀ ਫਤਿਹਗੜ੍ਹ ਜ਼ਿਲ੍ਹਾ ਪ੍ਰਧਾਨ, ਅਜੇ ਮਲ ਬੇਗਮਪੁਰਾ ਟਾਈਗਰ ਫੋਰਸ, ਪ੍ਰਧਾਨ ਦੁਆਬਾ ਬਲਬੀਰ ਸਿੰਘ ਸ੍ਰੀ ਗੁਰੂ ਰਵਿਦਾਸ ਸਭਾ ਹੁਸ਼ਿਆਰਪੁਰ, ਗੁਰਨਾਮ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਕਰਨੈਲ ਸਿੰਘ ਲਵਲੀ ਸਿੱਖ ਫੈਡਰੇਸਨ ਪੰਜਾਬ, ਪੰਮਾ ਨਾਰੂ ਨੰਗਲ, ਜੱਗੂ ਰਸੂਲਪੁਰੀਆ ਸਰਪੰਚ ਸਾਹਿਬ, ਬਿੱਟੂ ਰਵਿਦਾਸ ਟਾਇਗਰ ਫੋਰਸ, ਕੌਂਸਲਰ ਜਸਵੰਤ ਆਏ ਵਾਰਡ ਨੰਬਰ 20, ਕੌਂਸਲਰ ਮੁੱਖੀ ਰਾਮ ਵਾਰਡ ਨੰਬਰ 18, ਕਿਰਪਾਲ ਸਿੰਘ ਸੈਣੀ ਜ਼ਿਲ੍ਹਾ ਪ੍ਰਧਾਨ ਯੂਥ ਸੈਣੀ ਜਾਗਰਿਤੀ ਮੰਚ ਪ੍ਰੇਮ ਸੈਣੀ ਪ੍ਰਭਜੋਤ ਸੈਣੀ ਜਗਤਾਰ ਸਿੰਘ ਸੈਣੀ ਅਵਤਾਰ ਸਿੰਘ ਭੂਟੋ ਨੀਕੂ ਅਜਨਾਲਾ ਪਹੁੰਚੇ ਅਤੇ ਨਗਰ ਨਿਗਮ ਯੂਨੀਅਨ ਐਕਸਨ ਕਮੇਟੀ ਦੇ ਪ੍ਰਧਾਨ ਸਰਦਾਰੀ ਨਾਲ ਸ਼ਰਮਾ ਦੇ ਦਿਸਾ ਨਿਰਦੇਸ਼ਾਂ ਅਨੁਸਾਰ ਪ੍ਰਧਾਨ ਕਰਨਜੋਤ ਆਦੀਆ ਨੇ ਨਗਰ ਨਿਗਮ ਵਿੱਚ ਸਫਾਈ ਕਰਮਚਾਰੀਆਂ ਅਤੇ ਸੀਵਰ ਮੈਨਾਂ ਦੀ ਭਰਤੀ ਤੇ ਹੋ ਰਹੇ ਬੇ ਬੁਨਿਆਦੀ ਵਿਰੋਧ ਤੋਂ ਜਾਣੂ ਕਰਵਾਇਆ ਅਤੇ ਕਿਹਾ ਕਿ ਕੁੱਝ ਸ਼ਰਾਰਤੀ ਤੱਤਾਂ ਵਲੋਂ ਯੋਗ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦੇਣ ਦੇ ਕਾਰਜ ਵਿੱਚ ਰੁਕਾਵਟ ਪਾਈ ਜਾ ਰਹੀ ਹੈ ਅਤੇ ਸਮਾਜ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ ਕਿ ਇਹਨਾਂ ਨਿਯੁਕਤੀਆਂ ਵਿਚ ਕੇਵਲ ਬਾਲਮਿਕ ਸਮਾਜ ਦੀਆਂ 15 ਆਸਾਮੀਆਂ ਹੀ ਭਰੀਆਂ ਗਈਆਂ ਹਨ ਜੋ ਕਿ ਉਕਤ ਵੱਲੋਂ ਲਾਇਆ ਦੋਸ਼ ਸਰਾਸਰ ਗਲਤ ਹੈ। ਕਰਮਜੋਤ ਨੇ ਦੱਸਿਆ ਕਿ ਇਸ ਭਰਤੀ ਸੂਚੀ ਅਨੁਸਾਰ ਚੁਣੇ ਗਏ ਯੋਗ ਉਮੀਦਵਾਰਾਂ ਦੀ ਸੂਚੀ ਦੇ ਮੁਤਾਬਿਕ ਬਾਲਮੀਕ ਸਮਾਜ ਦੇ 80 ਦੇ ਲਗਭਗ ਉਮੀਦਵਾਰਾਂ ਦੀ ਚੋਣ ਕੀਤੀ ਗਈ ਹੈ, 15 ਤੋਂ 20 ਉਮੀਦਵਾਰ ਰਵਿਦਾਸੀਆ ਭਾਈਚਾਰੇ ਦੇ ਹਨ। ਕਰੀਬ 100 ਉਮੀਦਵਾਰ ਐਸ.ਸੀ. ਸਮਾਜ ਦੇ ਭਰਤੀ ਕੀਤੇ ਗਏ ਹਨ, ਬਾਕੀ ਹੋਰ ਵਰਗਾਂ ਤੋਂ ਯੋਗ ਉਮੀਦਵਾਰਾਂ ਦਾ ਚੋਣ ਕੀਤੀ ਗਈ ਹੈ ਜਿਨ੍ਹਾਂ ਵਿੱਚ ਅੰਗਹੀਣ, ਸਾਬਕਾ ਫੌਜੀ, ਸਪੋਰਟ ਕੋਟੇ ਤੋਂ ਚੁਣੇ ਗਏ ਹਨ। ਉਨ੍ਹਾਂ ਦੱਸਿਆ ਕਿ ਮੀਟਿੰਗ ਵਿੱਚ ਵੱਖ-ਵੱਖ ਸਮਾਜਿਕ ਜੱਥੇਬੰਦੀਆਂ ਦੇ ਆਗੂ ਆਏ ਹਨ ਉਹ ਸਾਰੇ ਇਸ ਭਰਤੀ ਦਾ ਸਮਰਥਨ ਕਰਦੇ ਹਨ ਕਿਉਂਕਿ ਇਹ ਭਰਤੀ ਦੀ ਜਾਰੀ ਹੋਈ ਸੂਚੀ 2021 ਦੇ ਰੂਲਾਂ ਅਤੇ ਮੁਤਾਬਕ ਕੀਤੀ ਹੋਈ ਹੈ। ਪਰ ਕੁਝ ਸ਼ਰਾਰਤੀ ਤੱਤ ਰਾਜਨੀਤਕ ਪਾਰਟੀਆਂ ਦੇ ਇਸਾਰੇ ਤੇ ਸਮਾਜ ਨੂੰ ਦੋ ਫਾੜ ਕਰਨ ਦਾ ਸੁਪਨਾ ਦੇਖ ਰਹੇ ਹਨ ਸਫਾਈ ਕਰਮਚਾਰੀ ਯੂਨੀਅਨ ਹੁਸ਼ਿਆਰਪੁਰ ਉਹਨਾਂ ਦਾ ਇਹ ਸੁਪਨਾ ਕਦੀ ਪੂਰਾ ਨਹੀਂ ਹੋਣ ਦੇਵੇਗੀ। ਉਹਨਾਂ ਕਿਹਾ ਕਿ ਸਾਡਾ ਭਾਈਚਾਰਾ ਸਾਡੀ ਤਾਕਤ ਹੈ। ਇਸ ਮੌਕੇ 'ਤੇ ਸਮੂਹ ਸਫਾਈ ਕਰਮਚਾਰੀ ਯੂਨੀਅਨ ਦੇ ਆਗੂ, ਮੈਂਬਰ, ਸਫਾਈ ਕਰਮਚਾਰੀ ਅਤੇ ਸੀਵਰਮੈਨ ਪਹੁੰਚੇ ਹੋਏ ਸਨ।

ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਟੀਮ ਨੇ ਕੈਟਲ ਪਾਊਂਡ ਫਲਾਹੀ ਦਾ ਕੀਤਾ ਦੌਰਾ

ਹੁਸ਼ਿਆਰਪੁਰ, (ਓ ਪੀ ਰਾਣਾ)-ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਦੇ 'ਸਵੱਛਤਾ ਹੀ ਸੇਵਾ' ਅਭਿਆਨ ਤਹਿਤ ਸਰਕਾਰੀ ਕੈਟਲ ਪਾਊਂਡ ਫਲਾਹੀ ਵਿਚ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਭਾਰਤ ਸਰਕਾਰ ਦੀ ਟੀਮ ਨੇ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਕੈਟਲ ਪਾਊਂਡ ਵਿਚ ਬਣ ਰਹੇ ਗੋਬਰ ਗੈਸ ਪਲਾਂਟ ਦਾ ਨਿਰੀਖਣ ਕੀਤਾ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨੂੰ ਇਸ ਕਾਰਜ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ। ਇਸ ਦੌਰਾਨ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਭਾਰਤ ਸਰਕਾਰ ਤੋਂ ਰਜਨੀਸ਼ ਸ਼ਰਮਾ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਤੋਂ ਸਿਵਿਆ ਸ਼ਰਮਾ ਨੇ ਕੈਟਲ ਪਾਊਂਡ ਵਿਚ ਪੌਦਾ ਵੀ ਲਗਾਇਆ। ਐਸ.ਡੀ.ਓ ਨਵਨੀਤ ਜਿੰਦਲ ਨੇ ਦੱਸਿਆ ਕਿ ਇਹ ਅਭਿਆਨ ਪੂਰੇ ਜ਼ਿਲ੍ਹੇ ਵਿਚ 2 ਅਕਤੂਬਰ ਤੱਕ ਚੱਲੇਗਾ। ਉਨ੍ਹਾਂ ਕਿਹਾ ਕਿ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਤਹਿਤ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਲੋਂ ਇਸ ਪੰਦਰਵਾੜੇ ਵਿਚ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਨੂੰ ਠੋਸ ਤੇ ਤਰਲ ਕੂੜੇ ਦੇ ਪ੍ਰਬੰਧਨ ਬਾਰੇ ਜਾਣਕਾਰੀ ਦਿੰਦੇ ਹੋਏ ਠੋਸ ਤੇ ਤਰਲ ਕੂੜਾ ਪ੍ਰਬੰਧਨ ਪਲਾਂਟਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਹਿਯੋਗ ਦੇਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਇਸ ਪੰਦਰਵਾੜੇ ਦੌਰਾਨ ਵੱਧ ਤੋਂ ਵੱਧ ਪਿੰਡਾਂ ਨੂੰ ਓ.ਡੀ.ਐਫ ਤੋਂ ਓ.ਡੀ.ਐਫ ਪਲੱਸ ਬਣਾਉਣ ਦਾ ਯਤਨ ਕਰਨ ਲਈ ਇਸ ਪ੍ਰੋਗਰਾਮ ਨੂੰ ਹਰ ਪਿੰਡ ਵਿਚ ਪਹੁੰਚਾਇਆ ਜਾ ਰਿਹਾ ਹੈ। ਇਸ ਮੌਕੇ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਡਾ. ਹਾਰੂਨ ਰਤਨ, ਨੋਡਲ ਅਫ਼ਸਰ ਕੈਟਲ ਪਾਊਂਡ ਫਲਾਹੀ ਡਾ. ਮਨਮੋਹਨ ਸਿੰਘ ਦਰਦੀ, ਸਰਪੰਚ ਸੁਰਜੀਤ ਲਾਲ, ਵੈਟਰਨਰੀ ਅਫ਼ਸਰ ਡਾ. ਚੰਦਪ੍ਰੀਤ, ਲਕਸ਼ਮੀ ਨਰਾਇਣ, ਐਸ.ਡੀ.ਓ ਨਵਨੀਤ ਕੁਮਾਰ ਜਿੰਦਲ, ਜੇ.ਈ ਗੁਰਬਿੰਦਰ ਸਿੰਘ ਵੀ ਮੌਜੂਦ ਸਨ।

ਐੱਸ ਡੀ ਐੱਮ ਦੀਪਾਂਕਰ ਗਰਗ ਨੇ ਲੋਕਾਂ ਦੀਆਂ ਸਮੱਸਿਆਵਾਂ ਦਾ ਕੀਤਾ ਹੱਲ

ਮੋਰਿੰਡਾ (ਜੈਜੀ ਸਰਦਾਰ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਨੇ ਸੂਬੇ ਦੇ ਲੋਕਾਂ ਨੂੰ ਸਾਫ ਸੁਥਰਾ ਪ੍ਰਸ਼ਾਸ਼ਨ ਦੇਣ ਲਈ ਪਿੰਡਾਂ ਵਿੱਚ ਜਨ ਸੁਣਵਾਈ ਕੈਂਪ ਲਗਾਉਣ ਦੇ ਨਿਰਦੇਸ਼ ਤਹਿਤ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਦੀ ਅਗਵਾਈ ਵਿਚ ਹਰ ਵੀਰਵਾਰ ਜਿਲ੍ਹੇ ਦੇ ਕਿਸੇ ਨਾ ਕਿਸੇ ਪਿੰਡ ਵਿੱਚ ਜਨ ਸੁਣਵਾਈ ਕੈਂਪ ਲਗਾ ਕੇ ਲੋਕਾਂ ਦੀਆਂ ਮੁਸਕਿਲਾਂ ਹੱਲ ਕੀਤੀਆਂ ਜਾ ਰਹੀਆਂ ਹੈ। ਇਸੇ ਕੜੀ ਤਹਿਤ ਮੋਰਿੰਡਾ ਦੇ ਪਿੰਡ ਬਹਿਬਲਪੁਰ, ਤਜਪੁਰਾ, ਚਲਾਕੀ ਅਤੇ ਸੁਖੋ ਮਾਜਰਾ ਦਾ ਸਾਂਝਾ ਜਨ ਸੁਣਵਾਈ ਕੈਂਪ ਲਗਾਇਆ ਗਿਆ। ਕੈਂਪ ਦੀ ਅਗਵਾਈ ਕਰਦਿਆਂ ਐਸ.ਡੀ.ਐਮ ਮੋਰਿੰਡਾ ਦੀਪਾਂਕਰ ਗਰਗ ਨੇ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾ/ਮੁਸ਼ਕਿਲਾਂ ਦਾ ਹੱਲ ਕਰਨ ਲਈ ਉਨ੍ਹਾਂ ਦੀ ਰਿਹਾਇਸ ਨੇੜੇ ਜਨ ਸੁਣਵਾਈ ਕੈਂਪ ਲਗਾਏ ਜਾ ਰਹੇ ਹਨ। ਜਿਨ੍ਹਾਂ ਦਾ ਮੰਤਵ ਲੋਕਾਂ ਨੂੰ ਆਪਣੀਆ ਮੁਸ਼ਕਿਲਾਂ ਹੱਲ ਕਰਵਾਉਣ ਲਈ ਦਫਤਰਾਂ ਤੱਕ ਪਹੁੰਚ ਕਰਨ ਦੀ ਬੇਲੋੜੀ ਖੱਜਲ ਖੁਆਰੀ ਖਤਮ ਕਰਨਾ ਹੈ। ਇਸ ਮੌਕੇ ਵੱਖ-ਵੱਖ ਵਿਭਾਗਾਂ ਜਿਵੇਂ ਰੋਜਗਾਰ ਵਿਭਾਗ, ਸਿਹਤ ਵਿਭਾਗ, ਸਮਾਜਿਕ ਸੁਰੱਖਿਆ ਵਿਭਾਗ, ਫੂਡ ਸਪਲਾਈ ਅਫਸਰ, ਮਾਲ ਵਿਭਾਗ, ਜਲ ਸਪਲਾਈ ਵਿਭਾਗ, ਹੁਨਰ ਵਿਕਾਸ ਮਿਸ਼ਨ ਵਿਭਾਗ ਨਾਲ ਸਬੰਧਿਤ ਯੋਗ ਸਮੱਸਿਆਵਾਂ ਦਾ ਮੌਕੇ 'ਤੇ ਹੀ ਹੱਲ ਕੀਤਾ ਗਿਆ, ਜਿਹੜੇ ਮਾਮਲੇ ਕਿਸੇ ਕਾਰਨ ਬਕਾਇਆ ਰਹੇ ਉਨ੍ਹਾਂ ਨੂੰ ਸਮਾਬੱਧ ਹੱਲ ਕਰਨ ਦੇ ਨਿਰਦੇਸ਼ ਦਿੱਤੇ ਗਏ।

ਸਰਬ ਸੰਮਤੀ ਨਾਲ ਚੋਣ ਹੋਈ

ਜਲੰਧਰ : ਜਲ ਸਪਲਾਈ ਅਤੇ ਸੈਨੀਟੇਸ਼ਨ ਹਲਕਾ ਜਲੰਧਰ ਵਿਖੇ ਜਲ ਸਪਲਾਈ ਅਤੇ ਸੈਨੀਟੇਸ਼ਨ ਜ਼ਿਲ੍ਹਾ ਜਲੰਧਰ ਦੀ (ਹਲਕਾ, ਮੰਡਲ, ਉਪ ਮੰਡਲ) ਅਧੀਨ ਕੰਮ ਕਰਦੇ ਕਲੈਰੀਕਲ ਸਟਾਫ ਦੀ ਸਰਵ ਸੰਮਤੀ ਨਾਲ ਚੋਣ ਕੀਤੀ ਗਈ। ਇਸ ਮੀਟਿੰਗ ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਪ੍ਰਧਾਨ ਸ੍ਰ. ਨਵਵਰਿੰਦਰ ਸਿੰਘ ਨਵੀਂ, ਸੂਬਾ ਚੇਅਰਮੈਨ ਜਸਵਿੰਦਰ ਸਿੰਘ, ਸੂਬਾ ਜਨਰਲ ਸਕੱਤਰ ਸਤਨਾਮ ਸਿੰਘ ਲੁਬਾਣਾ, ਸੂਬਾ ਪ੍ਰੈੱਸ ਸਕੱਤਰ ਲਖਵੀਰ ਸਿੰਘ ਭੱਟੀ ਮੁੱਖ ਮਹਿਮਾਨ ਵਜੋਂ ਪਹੁੰਚੇ। ਮੀਟਿੰਗ ਵਿੱਚ ਜ਼ਿਲ੍ਹਾ ਜਲੰਧਰ ਦੇ ਹਲਕਾ ਦਫਤਰ, ਮੰਡਲ ਦਫਤਰ, ਉਪ ਮੰਡਲ ਦਫਤਰਾਂ ਵੱਲੋਂ ਵੱਧ-ਚੜ੍ਹ ਕੇ ਸ਼ਮੂਲੀਅਤ ਕੀਤੀ ਗਈ। ਇਸ ਮੀਟਿੰਗ ਵਿੱਚ ਸਮੂਹ ਸਾਥੀਆਂ ਵੱਲੋਂ ਸਰਵ ਸੰਮਤੀ ਨਾਲ ਹੇਠ ਲਿਖਤ ਜ਼ਿਲ੍ਹਾ ਜਲੰਧਰ ਦੀ ਜਲ ਸਪਲਾਈ ਅਤੇ ਸੈਨੀਟੇਸ਼ਨ ਜਥੇਬੰਦੀ ਦਾ ਗਠਨ ਕੀਤਾ ਗਿਆ ਹੈ। ਬਲਕਾਰ ਸਿੰਘ ਸਰਪ੍ਰਸਤ, ਸੁਰਜੀਤ ਸੋਨੀ ਚੇਅਰਮੈਨ, ਪਵਨ ਕੁਮਾਰ ਪ੍ਰਧਾਨ, ਸੰਜੀਵ ਕੁਮਾਰ ਜਨਰਲ ਸਕੱਤਰ, ਵਿਜੈ ਕੁਮਾਰ ਵਿੱਤ ਸਕੱਤਰ, ਇੰਦਰਜੀਤ ਸਿੰਘ ਸਹਾਇਕ ਵਿੱਤ ਸਕੱਤਰ, ਸੁਰਜੀਤ ਸਿੰਘ ਪ੍ਰੈੱਸ ਸਕੱਤਰ, ਕੁਲਵੰਤ ਸਿੰਘ, ਸੀਨੀਅਰ ਮੀਤ ਪ੍ਰਧਾਨ, ਕਰਮਜੀਤ ਸਿੰਘ ਮੁੱਖ ਸਲਾਹਕਾਰ, ਦਵਿੰਦਰ ਕੁਮਾਰ ਸਲਾਹਕਾਰ, ਗੁਰਬਚਨ ਸਿੰਘ ਕਾਰਜਕਾਰੀ ਮੈਂਬਰ, ਧੀਰਜ ਕੁਮਾਰ ਕਾਰਜਕਾਰੀ ਮੈਂਬਰ, ਲੇਡੀਜ਼ ਵਿੰਗ : ਕਾਂਤਾ ਦੇਵੀ ਸਕੱਤਰ ਜਨਰਲ, ਸੁਨੈਨਾ ਮੀਤ ਪ੍ਰਧਾਨ, ਪੂਜਾ ਦੇਵੀ ਮੀਤ ਪ੍ਰਧਾਨ, ਜਸਪ੍ਰੀਤ ਕੌਰ ਮੁੱਖ ਸਲਾਹਕਾਰ ਆਦਿ ਹਾਜ਼ਰ ਸਨ।

ਬ੍ਰਿਗੇਡੀਅਰ ਤੇ ਕਮਾਂਡਿੰਗ ਅਫਸਰ ਵੱਲੋਂ ਕਮਲਾ ਨਹਿਰੂ ਕਾਲਜ ਦਾ ਦੌਰਾ

ਫਗਵਾੜਾ (ਰਮਨ ਸ਼ਰਮਾ)- ਬ੍ਰਿਗੇਡੀਅਰ ਡਾ. ਅਜੇ ਤਿਵਾੜੀ ਅਤੇ ਕਮਾਂਡਿੰਗ ਅਫਸਰ ਐਨ.ਐਸ.ਸਿੱਧੂ ਨੇ ਕਮਲਾ ਨਹਿਰੂ ਕਾਲਜ ਫਾਰ ਵੂਮੈਨ ਫਗਵਾੜਾ ਦਾ ਦੌਰਾ ਕੀਤਾ ਅਤੇ ਕਾਲਜ ਪ੍ਰਿੰਸੀਪਲ ਡਾ: ਸਵਿੰਦਰ ਪਾਲ ਨਾਲ ਮੁਲਾਕਾਤ ਕੀਤੀ ਅਤੇ ਐਨ.ਸੀ.ਸੀ. ਐਨਸੀਸੀ ਕੈਡਿਟਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਐਨਸੀਸੀ ਵਿੱਚ ਸ਼ਾਮਲ ਹੋਣ ਦੇ ਫਾਇਦਿਆਂ ਬਾਰੇ ਚਾਨਣਾ ਪਾਇਆ। ਕੈਡਿਟਾਂ ਨੂੰ 'ਬੀ' ਅਤੇ 'ਸੀ' ਸਰਟੀਫਿਕੇਟ ਪ੍ਰੀਖਿਆ ਪਾਸ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਲੜਕੀਆਂ-ਕੈਡਿਟਾਂ ਦੀ ਬਰਾਬਰ ਭਾਗੀਦਾਰੀ 'ਤੇ ਜੋਰ ਦਿੱਤਾ। ਗੱਲਬਾਤ ਇੱਕ ਇੰਟਰਐਕਟਿਵ ਸੈਸ਼ਨ ਨਾਲ ਸਮਾਪਤ ਹੋਈ, ਜਿੱਥੇ ਐਨਸੀਸੀ ਕੈਡਿਟਾਂ ਨੂੰ ਆਪਣੇ ਸ਼ੰਕਿਆਂ ਨੂੰ ਦੂਰ ਕਰਨ ਦਾ ਮੌਕਾ ਮਿਲਿਆ। ਡਾ: ਪ੍ਰਿਅੰਕਾ ਐਰੀ ਨੇ ਕਾਲਜ ਵਿੱਚ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਗੁਰੂ ਬੁਲੰਦ ਦੇਵ ਦੀ ਯਾਦ 'ਚ ਸਾਲਾਨਾ ਮੇਲਾ ਕਰਵਾਇਆ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)-ਕਸਬਾ ਗੜ੍ਹਦੀਵਾਲਾ ਵਿਖੇ ਗੁਰੂ ਬੁਲੰਦ ਦੇਵ ਜੀ ਦਾ ਪੰਜਵਾਂ ਸਾਲਾਨਾ ਮੇਲਾ ਪ੍ਰਧਾਨ ਗਗਨ ਦੀ ਅਗਵਾਈ ਹੇਠ ਕਰਵਾਇਆ ਗਿਆ ਜਿਸ ਵਿੱਚ ਪੰਜਾਬ ਭਰ ਤੋਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਇਸ ਮੌਕੇ ਸੰਗਤਾਂ ਬਾਬਾ ਜੀ ਦੇ ਅਸਥਾਨ 'ਤੇ ਨਤਮਸਤਕ ਹੋਈਆਂ ਅਤੇ ਗਾਇਕ ਰਿੰਕੂ ਤੱਖੀ ਅਤੇ ਅਸਲਮ ਅਲੀ ਵਲੋਂ ਧਾਰਮਿਕ ਸਮਾਗਮ ਪੇਸ਼ ਕਰਕੇ ਬਾਬਾ ਜੀ ਦੀ ਮਹਿਮਾ ਦਾ ਗੁਣ ਗਾਇਨ ਕੀਤਾ ਗਿਆ। ਸਮਾਗਮ ਵਿੱਚ ਵਿਪਨ ਕੁਮਾਰ ਪ੍ਰਧਾਨ ਐਮ.ਬੀ. ਏਕਤਾ ਮੰਚ ਪੰਜਾਬ, ਪ੍ਰਦੀਪ ਅਜੜਾਮ, ਰਾਕੇਸ਼ ਭੱਜਨਾੜੀਆਂ ਅੰਮ੍ਰਿਤਸਰ, ਕਸ਼ਮੀਰ ਭੋਗਲ ਮੁਕੇਰੀਆਂ, ਹੈਪੀ, ਆਤਮਾ ਰਾਮ, ਰਾਜਨ, ਸਾਬੀ, ਰਿਕੀ, ਰਾਮ ਲਖਨ, ਰਾਜੂ, ਰੋਸੀ, ਸੋਨੂ ਆਦਿ ਹਾਜਰ ਸਨ।

ਦਇਆ ਸਿੰਘ ਖੌਥੜਾਂ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਸਕੱਤਰ ਨਿਯੁਕਤ

ਮੇਹਲੀ (ਗੁਰਨਾਮ)- ਕਾਂਗਰਸ ਪਾਰਟੀ ਵਲੋਂ ਸੀਨੀਅਰ ਆਗੂ ਦਵਿੰਦਰ ਸਿੰਘ ਖੌਥੜਾਂ (ਦਇਆ ਸਿੰਘ ਖੌਥੜਾਂ) ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਕਾਂਗਰਸ ਕਮੇਟੀ ਦਾ ਸਕੱਤਰ ਨਿਯੁਕਤ ਕੀਤਾ ਗਿਆ। ਆਪਣੀ ਇਸ ਨਿਯੁਕਤੀ 'ਤੇ ਦਵਿੰਦਰ ਸਿੰਘ ਖੌਥੜਾਂ (ਦਇਆ ਸਿੰਘ) ਨੇ ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ, ਸਾਬਕਾ ਹਲਕਾ ਵਿਧਾਇਕ ਤਰਲੋਚਨ ਸਿੰਘ ਸੂੰਢ, ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਆਪਣੇ ਮਿਹਨਤੀ ਵਰਕਰਾਂ ਨੂੰ ਅਹੁਦੇ ਦੇ ਕੇ ਹਮੇਸ਼ਾ ਮਾਨ ਸਨਮਾਨ ਅਤੇ ਸਤਿਕਾਰ ਦਿੰਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਉਹ ਪਾਰਟੀ ਵਲੋਂ ਸੌਂਪੀ ਜਿੰਮੇਵਾਰੀ ਨੂੰ ਪੂਰੀ ਮਿਹਨਤ ਨਾਲ ਨਿਭਾਉਣਗੇ ਅਤੇ ਪਾਰਟੀ ਦੀ ਚੜ੍ਹਦੀ ਕਲਾ ਲਈ ਦਿਨ-ਰਾਤ ਮਿਹਨਤ ਕਰਦੇ ਰਹਿਣਗੇ। ਇਸ ਮੌਕੇ ਰਜਿੰਦਰ ਸ਼ਰਮਾ ਕੁਲਥਮ, ਤਰਸੇਮ ਸਿੰਘ ਕੁਲਥਮ, ਨੀਲਮ ਸ਼ਰਮਾਂ ਮੰਢਾਲੀ, ਗੁਰਦੀਪ ਸਿੰਘ ਖੌਥੜਾਂ, ਬਲਿਹਾਰ ਸਿੰਘ ਕੈਲੇ ਮੇਹਲੀ, ਹਰਪਾਲ ਸਿੰਘ ਸਰਪੰਚ ਜੰਡਿਆਲੀ ਆਦਿ ਹਾਜ਼ਰ ਸਨ।

210 ਗ੍ਰਾਮ ਨਸ਼ੀਲੇ ਪਦਾਰਥ ਸਮੇਤ ਕਾਬੂ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਐਸ.ਆਈ ਸੰਜੀਵਨ ਸਿੰਘ ਮੁੱਖ ਅਫਸਰ ਥਾਣਾ ਸਿਟੀ, ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਏ.ਐਸ.ਆਈ ਗਗਨ ਸਿੰਘ ਸਮੇਤ ਪੁਲਸ ਪਾਰਟੀ ਨਾਲ ਗਸ਼ਤ 'ਤੇ ਸੀ ਤਾਂ ਮੁਖਬਰ ਵਲੋਂ ਖਬਰ ਮਿਲਣ 'ਤੇ ਸਾਹਿਲ ਪੁੱਤਰ ਕੁਲਦੀਪ ਵਾਸੀ ਮਕਾਨ ਨੰਬਰ -116, ਮਹੰਤਾ ਵਾਲੀ ਗਲੀ ਮੁਹੱਲਾ ਜਗਤਾਪੁਰਾ ਥਾਣਾ ਸਿਟੀ, ਕੋਲੋ 210 ਗ੍ਰਾਮ ਨਸ਼ੀਲਾ ਪਦਾਰਥ ਬ੍ਰਾਮਦ ਕਰ ਕੇ ਗ੍ਰਿਫ

23-SEP-PAGE-10.qxd 9/22/2023 9:36 PM Page 1

ਐੱਸ ਐੱਸ ਪੀ ਦੀ ਘੁਰਕੀ 'ਤੇ ਕਰਨਾ ਪਿਆ ਨਜਾਇਜ਼ ਮਾਈਨਿੰਗ ਦਾ ਪਰਚਾ !

- ਹਲਕੇ ਦੇ ਵਿਧਾਇਕ, ਡੀ ਸੀ, ਡੀ ਡੀ ਪੀ ਓ ਤੇ ਮਾਈਨਿੰਗ ਵਿਭਾਗ ਕਤਰਾਉਂਦੇ ਰਹੇ ਕੰਨੀ
- ਡੀ ਸੀ ਨੂੰ ਸਫਾਈ ਦੇਣ ਲਈ ਪ੍ਰੈੱਸ ਨੋਟ ਕਰਨਾ ਪਿਆ ਜਾਰੀ

ਜਲਾਲਾਬਾਦ (ਪਰਮਜੀਤ ਢਾਬਾਂ)-ਫਾਜ਼ਿਲਕਾ ਦੇ ਸਰਹੱਦੀ ਖੇਤਰ ਵਿੱਚ ਪਿਛਲੇ ਲੰਬੇ ਸਮੇਂ ਤੋਂ ਹੋ ਰਹੀ ਰੇਤ ਦੀ ਨਜਾਇਜ਼ ਖੁਦਾਈ ਨੂੰ ਲੈ ਕੇ ਜਿੱਥੇ ਪੁਲਸ, ਸਿਵਲ ਪ੍ਰਸ਼ਾਸਨ ਤੇ ਮਾਈਨਿੰਗ ਵਿਭਾਗ ਅੱਖਾਂ ਬੰਦ ਕਰਕੇ ਟਾਈਮ ਟਪਾ ਰਿਹਾ ਸੀ, ਉਥੇ ਅੱਜ ਜ਼ਿਲ੍ਹਾ ਪੁਲਸ ਮੁਖੀ ਮਨਜੀਤ ਸਿੰਘ ਢੇਸੀ ਨੇ ਆਪਣੀ ਦਲੇਰੀ ਦਿਖਾਉਂਦਿਆਂ ਇੱਕ ਹੀ ਫੋਨ 'ਤੇ ਰੇਤ ਦੀ ਨਜਾਇਜ਼ ਖੁਦਾਈ ਕਰਨ ਵਾਲੇ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰਵਾ ਕੇ ਜੇਸੀਬੀ ਮਸ਼ੀਨ ਤੇ ਟਰੈਕਟਰ ਟਰਾਲੀ ਨੂੰ ਅੰਦਰ ਕਰ ਦਿੱਤਾ ਹੈ। ਪਿੰਡ ਪੱਕਾ ਚਿਸਤੀ ਦੀ ਪੰਚਾਇਤੀ ਜ਼ਮੀਨ ਵਿੱਚੋਂ ਰੇਤ ਦੀ ਹੋ ਰਹੀ ਨਾਜਾਇਜ਼ ਖੁਦਾਈ ਵਿੱਚ ਮੌਕੇ 'ਤੇ ਫੜੀਆਂ ਗਈਆਂ ਦੋ ਟਰਾਲੀਆਂ ਮੁਕੱਦਮੇ ਵਿੱਚ ਖਾਲੀ ਤੇ ਇੱਕ ਮਿੱਟੀ ਦੀ ਟਰਾਲੀ ਦਿਖਾ ਕੇ ਪੁਲਸ ਨੇ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਨ੍ਹਾਂ ਟਰਾਲੀਆਂ ਵਿੱਚ ਰੇਤਾ ਨਹੀਂ ਭਰਿਆ ਹੋਇਆ ਸੀ।

ਰੇਤ ਦੀ ਫਾਜ਼ਿਲਕਾ 'ਚ ਹੋ ਰਹੀ ਨਜਾਇਜ਼ ਮਾਈਨਿੰਗ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਮਾਈਨਿੰਗ ਵਿਭਾਗ ਤੇ ਹਲਕੇ ਦੇ ਵਿਧਾਇਕ 'ਤੇ ਦੋਸ਼ ਲਾਉਂਦਿਆਂ ਸੀ ਪੀ ਆਈ ਦੇ ਬਲਾਕ ਸੰਮਤੀ ਮੈਂਬਰ ਕਾਮਰੇਡ ਸਬੇਗ ਝੰਗੜਭੈਣੀ ਨੇ ਦੱਸਿਆ ਕਿ ਸਰਹੱਦੀ ਖੇਤਰ ਵਿੱਚ ਜਿੱਥੇ ਲੋਕ ਹੜ੍ਹਾਂ ਦੀ ਮਾਰ ਕਾਰਨ ਘਰੋਂ ਬੇਘਰ ਹੋ ਚੁੱਕੇ ਹਨ ਤੇ ਉਨ੍ਹਾਂ ਦੇ ਪੱਲੇ ਕੰਮ ਕਰਨ ਲਈ ਮਜ਼ਦੂਰੀ ਤੱਕ ਨਹੀਂ ਬਚੀ, ਉੱਥੇ ਦੂਜੇ ਪਾਸੇ ਸਿਆਸੀ ਆਕਾ ਆਪਣੇ ਰਿਸ਼ਤੇਦਾਰਾਂ ਨੂੰ ਅੱਗੇ ਢਾਹ ਕੇ ਪੰਚਾਇਤੀ ਜ਼ਮੀਨਾਂ ਵਿੱਚੋਂ ਰੇਤ ਦੀ ਨਜਾਇਜ਼ ਮਾਈਨਿੰਗ ਕਰਵਾ ਰਹੇ ਹਨ। ਇਸ ਸੰਬੰਧੀ ਉਨ੍ਹਾਂ ਹਲਕੇ ਦੇ ਵਿਧਾਇਕ ਨਰਿੰਦਰਪਾਲ ਸਵਨਾ, ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਤੇ ਮਾਈਨਿੰਗ ਵਿਭਾਗ ਨੂੰ ਕਈ ਵਾਰੀ ਜਾਣਕਾਰੀ ਦਿੱਤੀ ਕਿ ਨਜਾਇਜ਼ ਰੇਤ ਦੀ ਖੁਦਾਈ ਹੋ ਰਹੀ ਹੈ, ਪ੍ਰੰਤੂ ਉਨ੍ਹਾਂ ਵੱਲੋਂ ਕਾਰਵਾਈ ਕਰਨ ਦੀ ਬਜਾਏ ਇਹ ਕਿਹਾ ਗਿਆ ਕਿ ਇਹ ਰੇਤ ਦੀ ਖੁਦਾਈ ਨਹੀਂ। ਪੰਚਾਇਤੀ ਜ਼ਮੀਨ ਵਿੱਚੋਂ ਮਿੱਟੀ ਭਰੀ ਜਾ ਰਹੀ ਹੈ। ਮਾਈਨਿੰਗ ਵਿਭਾਗ ਇਹ ਕਹਿੰਦਾ ਰਿਹਾ ਕਿ ਪੁਲਸ ਸਾਡਾ ਸਾਥ ਨਹੀਂ ਦੇ ਰਹੀ। ਰੇਤ ਦੀ ਖੁਦਾਈ ਸਬੰਧੀ ਥਾਣਾ ਸਦਰ ਨੂੰ ਵੀ ਸੂਚਿਤ ਕੀਤਾ ਗਿਆ, ਪ੍ਰੰਤੂ ਉਨ੍ਹਾਂ ਨੇ ਵੀ ਕੋਈ ਕਾਰਵਾਈ ਕਰਨ ਦੀ ਗੱਲ ਨਹੀਂ ਕੀਤੀ। ਜਦੋਂ ਬੀਤੇ ਦਿਨ ਉਨ੍ਹਾਂ ਵੱਲੋਂ ਕਰੀਬ ਗਿਆਰਾਂ ਵਜੇ ਜ਼ਿਲ੍ਹੇ ਦੇ ਐੱਸ ਐੱਸ ਪੀ ਸ੍ਰੀ ਮਨਜੀਤ ਸਿੰਘ ਢੇਸੀ ਨੂੰ ਇਸ ਸਬੰਧੀ ਫੋਨ 'ਤੇ ਸੂਚਿਤ ਕੀਤਾ ਗਿਆ ਤਾਂ ਉਨ੍ਹਾਂ ਤੁਰੰਤ ਕਾਰਵਾਈ ਅਮਲ ਵਿੱਚ ਲਿਆਉਂਦਿਆਂ ਮੁਕੱਦਮਾ ਦਰਜ ਕਰਨ ਦੇ ਹੁਕਮ ਦੇ ਦਿੱਤੇ, ਜਿਸ ਦਾ ਸਿੱਟਾ ਹੈ ਕਿ ਇੱਕ ਜੇ ਸੀ ਬੀ ਮਸ਼ੀਨ, 3 ਟ੍ਰੈਕਟਰ ਟਰਾਲੀਆਂ ਫੜ ਕੇ ਕੁਝ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਰੇਤ ਦੀ ਨਜਾਇਜ਼ ਖੁਦਾਈ ਹਲਕੇ ਦੇ ਵਿਧਾਇਕ ਨਰਿੰਦਰ ਪਾਲ ਸਵਨਾ ਦੇ ਕਥਿਤ ਥਾਪੜੇ ਨਾਲ ਹੀ ਕੀਤੀ ਜਾ ਰਹੀ ਸੀ, ਜਿਸ ਕਾਰਨ ਵਿਧਾਇਕ ਦਾ ਇਸ ਮਾਮਲੇ ਨੂੰ ਰਫਾ-ਦਫਾ ਕਰਨ 'ਚ ਪੂਰਾ ਜ਼ੋਰ ਲੱਗਿਆ ਹੋਇਆ ਹੈ, ਜਿਸ ਦੀ ਹਲਕੇ ਵਿੱਚ ਪੂਰੀ ਚਰਚਾ ਚੱਲ ਰਹੀ ਹੈ। ਇਸ ਸਬੰਧੀ ਜਦੋਂ ਜ਼ਿਲ੍ਹਾ ਪੁਲਸ ਮੁਖੀ ਮਨਜੀਤ ਸਿੰਘ ਢੇਸੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਕਾਨੂੰਨ ਅਨੁਸਾਰ ਮੁਲਜ਼ਮਾਂ ਖਿਲਾਫ ਕਾਰਵਾਈ ਕੀਤੀ ਗਈ ਹੈ। ਜਦੋਂ ਉਨ੍ਹਾਂ ਨੂੰ ਇਸ ਮਾਮਲੇ ਸੰਬੰਧੀ ਪੁੱਛਿਆ ਗਿਆ ਕਿ ਤੁਹਾਡੇ 'ਤੇ ਹਲਕੇ ਦੇ ਵਿਧਾਇਕ ਦਾ ਵੀ ਦਬਾਅ ਪੈ ਸਕਦਾ ਹੈ, ਤਾਂ ਉਨ੍ਹਾਂ ਕਿਹਾ ਕਿ ਉਹ ਪੰਜਾਬ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦੇ ਰਹਿਣਗੇ ਤੇ ਕਿਸੇ ਤਰ੍ਹਾਂ ਪਿੱਛੇ ਨਹੀਂ ਹਟਣਗੇ।

ਡੀ ਸੀ ਨੇ ਦਿੱਤੀ ਸਫਾਈ

ਜ਼ਿਲ੍ਹੇ ਵਿੱਚ ਹੋ ਰਹੀ ਰੇਤ ਦੀ ਨਜਾਇਜ਼ ਮਾਈਨਿੰਗ 'ਤੇ ਐੱਸ ਐੱਸ ਪੀ ਵੱਲੋਂ ਕਾਰਵਾਈ ਕਰਨ 'ਤੇ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਮੈਡਮ ਸੇਨੂ ਦੁੱਗਲ ਨੂੰ ਸਫਾਈ ਦੇਣ ਲਈ ਅੱਜ ਪ੍ਰੈੱਸ ਨੋਟ ਜਾਰੀ ਕਰਨਾ ਪਿਆ। ਡਿਪਟੀ ਕਮਿਸ਼ਨਰ ਨੇ ਜਾਰੀ ਪ੍ਰੈੱਸ ਬਿਆਨ 'ਚ ਕਿਹਾ ਕਿ ਜੇਕਰ ਕੋਈ ਨਜਾਇਜ਼ ਮਾਇਨਿੰਗ ਕਰਦਾ ਪਾਇਆ ਗਿਆ ਤਾਂ ਉਸ ਦੇ ਖਿਲਾਫ ਸਰਕਾਰੀ ਨਿਯਮਾਂ ਅਨੁਸਾਰ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਤੋਂ ਬਿਨਾਂ ਇਹ ਸਰਹੱਦੀ ਖੇਤਰ ਹੈ ਅਤੇ ਇਥੇ ਬਿਨਾਂ ਪ੍ਰਵਾਨਗੀ ਮਾਇਨਿੰਗ ਕਰਨਾ ਦੇਸ਼ ਦੀ ਸੁਰੱਖਿਆ ਲਈ ਵੀ ਖਤਰਾ ਹੋ ਸਕਦਾ ਹੈ।

ਪੰਜਾਬ ਖੇਤੀਬਾੜੀ 'ਵਰਸਿਟੀ ਖੇਤਰੀ ਖੋਜ ਕੇਂਦਰ ਵਿਖੇ ਕਿਸਾਨ ਮੇਲਾ 27 ਨੂੰ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਸਥਾਨਕ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਖੇਤਰੀ ਖੋਜ ਕੇਂਦਰ ਵਿਖੇ ਕਿਸਾਨ ਮੇਲੇ ਦਾ ਆਯੋਜਨ 27 ਸਤੰਬਰ 2023 ਨੂੰ ਕੀਤਾ ਜਾ ਰਿਹਾ ਹੈ। ਇਸ ਮੌਕੇ ਖੇਤੀਬਾੜੀ ਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ, ਫੂਡ ਪ੍ਰੋਸੈਸਿੰਗ, ਮੰਤਰੀ ਸ੍ਰ. ਗੁਰਮੀਤ ਸਿੰਘ ਖੁੱਡੀਆਂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ। ਮੇਲੇ ਦੀ ਪ੍ਰਧਾਨਗੀ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ, ਡਾ. ਸਤਬੀਰ ਸਿੰਘ ਗੋਸਲ ਕਰਨਗੇ। ਇਹ ਜਾਣਕਾਰੀ ਖੇਤਰੀ ਖੋਜ ਕੇਂਦਰ ਨਿਰਦੇਸ਼ਕ ਡਾ. ਕਰਮਜੀਤ ਸਿੰਘ ਸੇਖੋਂ ਨੇ ਸਾਂਝੀ ਕੀਤੀ। ਇਸ ਮੌਕੇ ਡਾ. ਕਰਮਜੀਤ ਸਿੰਘ ਸੇਖੋਂ ਨੇ ਦੱਸਿਆ ਕਿ ਇਸ ਮੇਲੇ ਦਾ ਮੁੱਖ ਉਦੇਸ਼ 'ਵਿਗਿਆਨਕ ਖੇਤੀ ਦੇ ਰੰਗ, ਪੀ.ਏ.ਯੂ. ਦੇ ਕਿਸਾਨ ਮੇਲਿਆਂ ਸੰਗ' ਹੈ। ਮੇਲੇ ਦੌਰਾਨ ਕਿਸਾਨਾਂ ਨੂੰ ਹਾੜ੍ਹੀ ਦੀਆਂ ਫਸਲਾਂ ਦੀਆਂ ਸੁਧਰੀਆਂ ਕਿਸਮਾਂ ਦੇ ਬੀਜ, ਸਬਜ਼ੀਆਂ ਦੀਆਂ ਕਿੱਟਾਂ ਤੇ ਫਲਦਾਰ ਬੂਟੇ ਮੁਹੱਈਆ ਕਰਵਾਏ ਜਾਣਗੇ। ਇਸ ਮੌਕੇ ਕਿਸਾਨਾਂ ਨੂੰ ਸਬਜ਼ੀਆਂ ਦੀ ਪਨੀਰੀ ਵੀ ਵੰਡੀ ਜਾਵੇਗੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਖੇਤੀਬਾੜੀ ਨਾਲ ਸਬੰਧਤ ਅਦਾਰਿਆਂ ਵੱਲੋਂ ਪ੍ਰਦਰਸ਼ਨੀਆਂ ਲਗਾਈਆਂ ਜਾਣਗੀਆਂ ਤੇ ਮਾਹਰਾਂ ਵੱਲੋਂ ਕਿਸਾਨਾਂ ਨੂੰ ਸਹਾਇਕ ਧੰਦਿਆਂ ਸਬੰਧੀ ਤਕਨੀਕੀ ਜਾਣਕਾਰੀ ਦਿੱਤੀ ਜਾਵੇਗੀ। ਇਸ ਮੌਕੇ ਡਾ. ਸੇਖੋਂ ਨੇ ਕਿਸਾਨਾਂ ਨੂੰ ਪਰਿਵਾਰ ਸਮੇਤ ਇਸ ਮੇਲੇ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ।

ਨਗਰ ਕੌਂਸਲ ਚੋਣਾਂ 'ਚ ਕਾਂਗਰਸੀਆਂ ਨਾਲ ਧੱਕਾ ਨਹੀਂ ਹੋਣ ਦਿੱਤਾ ਜਾਵੇਗਾ : ਰਣਦੀਪ ਸਿੰਘ ਨਾਭਾ

ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)-ਕਾਂਗਰਸ ਪਾਰਟੀ ਦਫ਼ਤਰ ਵਿਖੇ ਬਲਾਕ ਕਾਂਗਰਸ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਜਗਬੀਰ ਸਿੰਘ ਸਲਾਣਾ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਸਾਬਕਾ ਕੈਬਨਿਟ ਮੰਤਰੀ ਕਾਕਾ ਰਣਦੀਪ ਸਿੰਘ ਨਾਭਾ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਉਥੇ ਹੀ ਵੱਡੀ ਗਿਣਤੀ ਕਾਂਗਰਸੀ ਆਗੂ ਤੇ ਵਰਕਰ ਪਹੁੰਚੇ। ਰਣਦੀਪ ਸਿੰਘ ਨਾਭਾ ਨੇ ਕਿਹਾ ਕਿ ਲੋਕ ਸਭਾ ਤੇ ਨਗਰ ਕੌਂਸਲ ਚੋਣਾਂ ਨੇੜੇ ਆ ਰਹੀਆਂ ਹਨ, ਜਿਸ ਨੂੰ ਦੇਖਦਿਆਂ ਕਾਂਗਰਸੀ ਆਗੂ ਤੇ ਵਰਕਰ ਕਮਰਕੱਸੇ ਕਰ ਲੈਣ ਤਾਂ ਜੁ ਚੋਣਾਂ ਵਿੱਚ ਪਾਰਟੀ ਉਮੀਦਵਾਰ ਵੱਡੀਆਂ ਜਿੱਤਾਂ ਦਰਜ ਕਰ ਸਕਣ, ਉਥੇ ਹੀ ਉਨ੍ਹਾਂ ਅੱਗੇ ਕਿਹਾ ਕਿ ਜੇਕਰ ਮੌਜੂਦਾ ਸਰਕਾਰ ਨੇ ਚੋਣਾਂ ਵਿੱਚ ਕਿਸੇ ਪ੍ਰਕਾਰ ਦਾ ਧੱਕਾ ਕੀਤਾ ਗਿਆ, ਉਹ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕਾਕਾ ਰਣਦੀਪ ਸਿੰਘ ਵੱਲੋਂ ਬਲਾਕ ਤੇ ਵਾਰਡਾਂ ਦੀਆਂ ਕਮੇਟੀਆਂ ਬਣਾਉਣ ਲਈ ਵੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ। ਇਸ ਤੋਂ ਇਲਾਵਾ ਵੱਖ-ਵੱਖ ਆਗੂਆਂ ਵੱਲੋਂ ਆਪਣੇ ਵਿਚਾਰ ਸਾਂਝੇ ਕੀਤੇ ਗਏ। ਇਸ ਮੌਕੇ ਬਲਾਕ ਪ੍ਰਧਾਨ ਜਗਬੀਰ ਸਿੰਘ ਸਲਾਣਾ, ਬਲਾਕ ਸੰਮਤੀ ਮੈਂਬਰ ਹਰਚੰਦ ਸਿੰਘ ਸਮਸਪੁਰ, ਜਗਵਿੰਦਰ ਸਿੰਘ ਰੈਹਿਲ, ਬਲਵੀਰ ਸਿੰਘ ਮਿੰਟੂ, ਬੀਬੀ ਹਰਮਿੰਦਰਪਾਲ ਕੌਰ, ਪ੍ਰਧਾਨ ਲੱਕੀ ਸ਼ਰਮਾ, ਜੱਗੀ ਬੜੈਚਾ, ਗੁਰਪ੍ਰੀਤ ਸਿੰਘ ਗਰੇਵਾਲ ਸਰਪੰਚ, ਜਗਬੀਰ ਸਿੰਘ ਸਰਪੰਚ ਬਡਾਲੀ, ਰਛਪਾਲ ਸਿੰਘ ਸਰਪੰਚ ਮੁੱਢੜੀਆ, ਜੱਗਾ ਸਰਪੰਚ ਸਮਸਪੁਰ, ਸ਼ਿਵ ਕੁਮਾਰ ਗਰਗ, ਜਗਜੀਤ ਮਛਰਾਏ, ਜਗਦੇਵ ਖੁੰਮਣਾ, ਪ੍ਰੀਤਮ ਬੈਣਾ, ਗੁਰਬਚਨ ਕਾਹਨਪੁਰਾ, ਦੀਪਾ ਮਹਿਮੂਦਪੁਰ, ਜਗਤਾਰ ਰੰਗਲਾ, ਜਗਦੀਪ ਮਾਨ, ਅਮਨ ਰਾਜਗੜ੍ਹ ਛੰਨਾ, ਸੁੱਖਦਾਨ ਘੁਟੀਡ, ਬਲਜੀਤ ਸਿੰਘ ਮਰਾੜੂ, ਜਗਤਾਰ ਸਿੰਘ ਮਾਨਗੜ੍ਹ, ਸੁਨੀਲ ਪੁਰੀ, ਰਾਕੇਸ ਕੁਮਾਰ ਗੋਗੀ, ਮਨਪ੍ਰੀਤ ਸਿੰਘ ਮਿੰਟਾ ਦਫ਼ਤਰ ਇੰਚਾਰਜ ਤੇ ਹਲਕਾ ਅਮਲੋਹ ਦੇ ਵੱਡੀ ਗਿਣਤੀ ਕਾਂਗਰਸੀ ਆਗੂ ਤੇ ਵਰਕਰ ਮੌਜੂਦ ਸਨ।

ਕਾਤਰਾਂ

ਹੜ੍ਹ ਪੀੜਤਾਂ ਨੂੰ ਮੁਆਵਜ਼ਾ ਦਿਵਾਉਣ ਲਈ ਡੀ ਸੀ ਦਫਤਰ ਅੱਗੇ ਧਰਨਾ

ਸੰਗਰੂਰ (ਪ੍ਰਵੀਨ ਸਿੰਘ)-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਦਿਵਾਉਣ ਲਈ ਸੰਗਰੂਰ ਦੇ ਡੀ ਸੀ ਦਫਤਰ ਅੱਗੇ 4 ਘੰਟੇ ਲਈ ਧਰਨਾ ਦਿੱਤਾ ਗਿਆ। ਇਸ ਧਰਨੇ ਦੀ ਪ੍ਰਧਾਨਗੀ ਪ੍ਰੇਮ ਸਿੰਘ ਗੁੜਥਲੀ, ਜਗਤਾਰ ਸੇਰਗੜ੍ਹ, ਇੰਦਰਪਾਲ ਪੁੰਨਾਵਾਲ, ਕਰਮ ਸਿੰਘ ਬਲਿਆਲ, ਨਿਰਮਲ ਸਿੰਘ ਬਟਰਿਆਣਾ, ਅਮਰਜੀਤ ਸਿੰਘ, ਜਗਤਾਰ ਸਿੰਘ ਦੁਗਾ, ਹੋਰਾਂ ਕਿਸਾਨ ਆਗੂਆਂ ਨੇ ਕੀਤੀ। ਧਰਨੇ 'ਚ ਸੂਬਾਈ ਆਗੂ ਗੁਰਮੀਤ ਸਿੰਘ ਭੱਟੀਵਾਲ, ਮੇਜਰ ਸਿੰਘ ਪੁੰਨਾਵਾਲ, ਊਧਮ ਸਿੰਘ ਸੰਤੋਖਪੁਰਾ, ਸੁਖਦੇਵ ਸਿੰਘ ਲਹਿਲ ਕਲਾਂ, ਮੰਗਤ ਰਾਮ ਲੌਂਗੋਵਾਲ, ਕਰਮਜੀਤ ਸਿੰਘ ਛੰਨਾਂ, ਗੁਰਦੀਪ ਸਿੰਘ ਲੌਂਗੋਵਾਲ, ਬਲਦੇਵ ਸਿੰਘ ਨਿਹਾਲਗੜ੍ਹ ਆਦਿ ਨੇ ਕੇਂਦਰ ਸਰਕਾਰ ਤੋਂ ਪੰਜਾਬ ਦੇ ਹੜ੍ਹ ਪੀੜਤਾਂ ਲਈ 10 ਹਜ਼ਾਰ ਕਰੋੜ ਰੁਪਏ ਦੇ ਪੈਕੇਜ ਦੀ ਮੰਗ ਕੀਤੀ ਗਈ। ਇਸ ਤੋਂ ਪਹਿਲਾਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਦੀ ਕੋਠੀ ਅੱਗੇ 3 ਦਿਨ ਲਗਾਤਾਰ ਧਰਨਾ ਦਿੱਤਾ ਗਿਆ।

ਖੇਡਾਂ ਵਤਨ ਪੰਜਾਬ ਦੀਆਂ ਤਹਿਤ ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ 26 ਤੋਂ

ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)-ਪੰਜਾਬ ਸਰਕਾਰ ਖੇਡ ਵਿਭਾਗ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ-2023 ਅਧੀਨ ਜ਼ਿਲ੍ਹਾ ਪੱਧਰੀ ਖੇਡਾਂ ਸਮੂਹ ਜ਼ਿਲ੍ਹਿਆਂ ਵਿੱਚ ਕਰਵਾਈਆਂ ਜਾ ਰਹੀਆਂ ਹਨ। ਇਹ ਜਾਣਕਾਰੀ ਸ਼੍ਰੀਮਤੀ ਅਨਿੰਦਰਵੀਰ ਕੌਰ ਬਰਾੜ ਜ਼ਿਲ੍ਹਾ ਖੇਡ ਅਫਸਰ ਸ੍ਰੀ ਮੁਕਤਸਰ ਸਾਹਿਬ ਨੇ ਸਾਂਝੀ ਕਰਦੇ ਹੋਏ ਦੱਸਿਆ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ 26 ਸਤੰਬਰ 2023 ਤੋਂ 02 ਅਕਤੂਬਰ 2023 ਤੱਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਸ੍ਰੀ ਮੁਕਤਸਰ ਸਾਹਿਬ ਵਿਖੇ ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ। ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ 'ਚ ਗੇਮ ਵਾਲੀਬਾਲ (ਸ਼ੂਟਿੰਗ/ਸਮੈਸ਼ਿੰਗ), ਕਬੱਡੀ (ਸਰਕਲ/ਨੈਸ਼ਨਲ), ਖੋ-ਖੋ, ਐਥਲੈਟਿਕਸ, ਫੁੱਟਬਾਲ, ਬਾਕਸਿੰਗ, ਬਾਸਕਿਟਬਾਲ, ਹੈਂਡਬਾਲ, ਪਾਵਰਲਿਫਟਿੰਗ, ਵੇਟਲਿਫਟਿੰਗ, ਕਿੱਕ ਬਾਕਸਿੰਗ, ਰੱਸਾਕਸ਼ੀ, ਸ਼ੂਟਿੰਗ, ਬੈਡਮਿੰਟਨ ਤੇ ਕੁਸ਼ਤੀ ਗੇਮ ਦੇ ਖੇਡ ਮੁਕਾਬਲੇ ਵੱਖ-ਵੱਖ ਉਮਰ ਵਰਗ 'ਚ ਕਰਵਾਏ ਜਾਣੇ ਹਨ। 26 ਤੇ 27 ਸਤੰਬਰ ਨੂੰ ਕੇਵਲ ਉਮਰ ਵਰਗ 21-30, 31-40, 41-55, 56 -65 ਤੇ 65 ਤੋਂ ਵੱਧ ਦੇ ਖੇਡ ਮੁਕਾਬਲੇ ਹੀ ਕਰਵਾਏ ਜਾਣਗੇ। 28 ਤੇ 30 ਸਤੰਬਰ ਨੂੰ ਕੇਵਲ ਅੰ-14 ਤੇ ਅੰ-17 ਉਮਰ ਵਰਗ ਦੇ ਖੇਡ ਮੁਕਾਬਲੇ ਕਰਵਾਏ ਜਾਣਗੇ। ਅੰਤ-21 ਉਮਰ ਵਰਗ ਦੇ ਖੇਡ ਮੁਕਾਬਲੇ 01 ਅਕਤੂਬਰ 2023 ਤੋਂ 02 ਅਕਤੂਬਰਰ 2023 ਤੱਕ ਕਰਵਾਏ ਜਾਣਗੇ। ਉਕਤ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੇ ਖਿਡਾਰੀ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਵਸਨੀਕ ਹੋਣੇ ਚਾਹੀਦੇ ਹਨ। ਬਲਾਕ ਪੱਧਰ ਦੇ ਟੂਰਨਾਮੈਂਟ ਵਿੱਚ ਪੁਜ਼ੀਸ਼ਨ ਪ੍ਰਾਪਤ ਕਰਨ ਵਾਲੇ ਖਿਡਾਰੀ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਵਿੱਚ ਭਾਗ ਲੈ ਸਕਣਗੇ।

ਭਗੌੜਾ ਕਾਬੂ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਪੁਲਸ ਵੱਲੋਂ ਮਾਣਯੋਗ ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤੇ ਗਏ ਸਰਬਜੀਤ ਕੁਮਾਰ ਵਾਸੀ ਮਾਛੀਵਾੜਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਥਾਣਾ ਮੁਖੀ ਸੰਤੋਖ ਸਿੰਘ ਨੇ ਦੱਸਿਆ ਕਿ ਸਰਬਜੀਤ ਸਿੰਘ ਨੂੰ 2017 ਵਿੱਚ ਭੁੱਕੀ ਸਮੇਤ ਕਾਬੂ ਕਰ ਉਸ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਸੀ। ਜ਼ਮਾਨਤ 'ਤੇ ਰਿਹਾਅ ਹੋਣ ਉਪਰੰਤ ਉਹ ਮੁੜ ਅਦਾਲਤ ਵਿੱਚ ਪੇਸ਼ ਨਾ ਹੋਇਆ, ਜਿਸ 'ਤੇ ਉਸ ਨੂੰ ਭਗੌੜਾ ਕਰਾਰ ਦੇ ਦਿੱਤਾ ਗਿਆ। ਪੁਲਸ ਵੱਲੋਂ ਅੱਜ ਮੁਖ਼ਬਰ ਦੀ ਸੂਚਨਾ ਦੇ ਅਧਾਰ 'ਤੇ ਸਰਬਜੀਤ ਕੁਮਾਰ ਨੂੰ ਗ੍ਰਿਫ਼ਤਾਰ ਕਰ ਅਦਾਲਤ ਵਿੱਚ ਪੇਸ਼ ਕਰਨ ਤੋਂ ਬਾਅਦ ਜੇਲ੍ਹ ਭੇਜ ਦਿੱਤਾ ਗਿਆ ਹੈ। ਇਸ ਮੌਕੇ ਸਹਾਇਕ ਥਾਣੇਦਾਰ ਮੋਹਣ ਲਾਲ, ਮੁਨਸ

23-Sep-PAGE-11-Majha-2023.qxd 9/22/2023 10:22 PM Page 1

ਲੇਬਰ ਭੇਜਣ ਦੇ ਨਾਂਅ 'ਤੇ ਠੱਗੇ 55 ਹਜ਼ਾਰ ਰੁਪਏ, ਮਾਮਲਾ ਥਾਣੇ ਪੁੱਜਾ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਹਲਕਾ ਖੇਮਕਰਨ ਅਧੀਨ ਪੈਂਦੇ ਪਿੰਡ ਭੈਣੀ ਗੁਰਮੱਖ ਸਿੰਘ ਦੇ ਵਿਅਕਤੀਆਂ ਵੱਲੋਂ ਕਥਿਤ ਤੌਰ 'ਤੇ ਆਪਣੇ ਆਪ ਨੂੰ ਸਰਪੰਚ ਤੇ ਮੈਂਬਰ ਪੰਚਾਇਤ ਦੱਸਦਿਆਂ ਰਾਜਸਥਾਨ 'ਚ ਨਰਮੇ ਦੀ ਚੁਗਾਈ ਲਈ ਲੇਬਰ ਭੇਜਣ ਦੇ ਨਾਂਅ 'ਤੇ 55 ਹਜ਼ਾਰ ਰੁਪਏ ਦੀ ਠੱਗੀ ਮਾਰਨ ਦੀ ਗੱਲ ਸਾਹਮਣੇ ਆਈ ਹੈ। ਠੱਗੀ ਦਾ ਸ਼ਿਕਾਰ ਹੋਏ ਸੁਰਿੰਦਰ ਕੁਮਾਰ ਪੁੱਤਰ ਚੇਨਾਰਾਮ ਵਾਸੀ ਹਨੂਮਾਨਗੜ੍ਹ (ਰਾਜਸਥਾਨ) ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਭੈਣੀ ਗੁਰਮੱਖ ਸਿੰਘ ਵਿਖੇ ਰਾਜਸਥਾਨ ਵਿੱਚ ਨਰਮੇ ਦੀ ਚੁਗਾਈ ਲਈ ਲੇਬਰ ਲੱਭਣ ਆਇਆ ਸੀ। ਸੁਰਿੰਦਰ ਕੁਮਾਰ ਨੇ ਦੱਸਿਆ ਕਿ ਰਣਜੀਤ ਸਿੰਘ ਰਾਣਾ ਜੋ ਆਪਣੇ ਆਪ ਨੂੰ ਪਿੰਡ ਦਾ ਸਰਪੰਚ ਅਤੇ ਬਲਜੀਤ ਸਿੰਘ ਜੋ ਆਪਣੇ ਆਪ ਨੂੰ ਪਿੰਡ ਦਾ ਮੈਂਬਰ ਪੰਚਾਇਤ ਦੱਸਦਾ ਹੈ, ਨੇ ਪੱਪੂ ਸਿੰਘ ਪੁੱਤਰ ਪੂਰਨ ਸਿੰਘ ਸਮੇਤ ਦੋ-ਤਿੰਨ ਹੋਰ ਅਣਪਛਾਤੇ ਵਿਅਕਤੀਆਂ ਨਾਲ ਮਿਲ ਕੇ ਰਾਜਸਥਾਨ ਲੇਬਰ ਭੇਜਣ ਦੇ ਨਾਂਅ 'ਤੇ ਉਸ ਤੋਂ 55 ਹਜ਼ਾਰ ਰੁਪਏ ਠੱਗੇ ਹਨ। ਸੁਰਿੰਦਰ ਕੁਮਾਰ ਦਾ ਕਹਿਣਾ ਸੀ ਕਿ ਜਦੋਂ ਉਸ ਨੇ ਪਿੰਡ ਵਿੱਚ ਉਕਤ ਵਿਅਕਤੀਆਂ ਸੰਬੰਧੀ ਪੁੱਛ ਪੜਤਾਲ ਕੀਤੀ ਤਾਂ ਉਸ ਨੂੰ ਪਤਾ ਲੱਗਾ ਕਿ ਇਨ੍ਹਾਂ ਵਿਅਕਤੀਆਂ 'ਚੋਂ ਕੋਈ ਵਿਅਕਤੀ ਨਾ ਤਾਂ ਸਰਪੰਚ ਹੈ ਅਤੇ ਨਾ ਹੀ ਕੋਈ ਮੈਂਬਰ ਪੰਚਾਇਤ ਹੈ। ਸੁਰਿੰਦਰ ਕੁਮਾਰ ਨੇ ਕਿਹਾ ਕਿ ਜਦੋਂ ਉਸ ਨੇ ਆਪਣੇ ਆਪ ਨੂੰ ਸਰਪੰਚ ਕਹਿਣ ਵਾਲੇ ਰਣਜੀਤ ਸਿੰਘ ਰਾਣਾ ਦੇ ਘਰ ਪਹੁੰਚ ਕੇ ਆਪਣੇ ਪੈਸੇ ਵਾਪਸ ਮੰਗੇ ਤਾਂ ਅੱਗੋਂ ਰਣਜੀਤ ਸਿੰਘ ਰਾਣਾ ਦਾ ਕਹਿਣਾ ਸੀ ਕਿ ਤੁਸੀਂ ਵਾਪਸ ਰਾਜਸਥਾਨ ਚਲੇ ਜਾਵੋ, ਜਦੋਂ ਉਹ ਵਾਪਸ ਆਉਣਗੇ ਤਾਂ ਪੈਸੇ ਲੈ ਜਾਇਓ। ਉੱਧਰ ਠੱਗੀ ਦਾ ਸ਼ਿਕਾਰ ਹੋਏ ਸੁਰਿੰਦਰ ਕੁਮਾਰ ਦੇ ਹੱਕ 'ਚ ਆਏ ਪਿੰਡ ਭੈਣੀ ਗੁਰਮੱਖ ਸਿੰਘ ਦੇ ਮੌਜੂਦਾ ਸਰਪੰਚ ਸਤਨਾਮ ਸਿੰਘ ਨੇ ਜਿੱਥੇ ਆਪਣੇ ਆਪ ਨੂੰ ਸਰਪੰਚ ਤੇ ਮੈਂਬਰ ਪੰਚਾਇਤ ਦੱਸ ਕੇ ਪਰਦੇਸੀ ਵਿਅਕਤੀ ਨਾਲ ਮਾਰੀ ਠੱਗੀ ਦੀ ਘਟਨਾ ਨੂੰ ਨਿੰਦਣਯੋਗ ਦੱਸਿਆ ਹੈ, ਉੱਥੇ ਹੀ ਉਨ੍ਹਾਂ ਨੇ ਪੰਜਾਬ ਪੁਲਸ ਦੇ ਉੱਚ-ਅਧਿਕਾਰੀਆਂ ਨੂੰ ਇਸ ਮਾਮਲੇ ਦੀ ਬਰੀਕੀ ਨਾਲ ਜਾਂਚ ਕਰਕੇ ਦੋਸ਼ੀ ਵਿਅਕਤੀਆਂ ਖਿਲਾਫ ਧੋਖਾਧੜੀ ਦਾ ਮਾਮਲਾ ਦਰਜ ਕਰਨ ਦੀ ਵੀ ਮੰਗ ਕੀਤੀ ਹੈ। ਉੱਧਰ ਜਦੋਂ ਇਸ ਮਾਮਲੇ ਸੰਬੰਧੀ ਰਣਜੀਤ ਸਿੰਘ ਰਾਣਾ ਪੁੱਤਰ ਬਲਵਿੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਕਿਸੇ ਨੇ ਉਸ ਦੇ ਨਾਮ 'ਤੇ ਠੱਗੀ ਮਾਰੀ ਹੈ ਅਤੇ ਉਹ ਸੁਰਿੰਦਰ ਕੁਮਾਰ ਦੇ ਪੈਸੇ ਵਾਪਸ ਜ਼ਰੂਰ ਕਰਵਾਏਗਾ। ਜਦੋਂ ਇਸ ਮਾਮਲੇ ਸੰਬੰਧੀ ਥਾਣਾ ਕੱਚਾਪੱਕਾ ਦੇ ਏਐੱਸਆਈ ਦਰਸ਼ਨ ਸਿੰਘ ਨਾਲ ਫੋਨ 'ਤੇ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਦੋਵਾਂ ਪਾਰਟੀਆਂ ਨੂੰ 25 ਸਤੰਬਰ ਨੂੰ ਥਾਣੇ ਪਹੁੰਚਣ ਲਈ ਕਿਹਾ ਗਿਆ ਹੈ।

ਵਿਧਾਇਕ ਸ਼ੈਰੀ ਕਲਸੀ ਤੇ ਸੇਖਵਾਂ ਨੇ ਨਗਰ ਕੀਰਤਨ 'ਚ ਹਾਜ਼ਰੀ ਭਰ ਕੇ ਸਰਬੱਤ ਦੇ ਭਲੇ ਲਈ ਕੀਤੀ ਅਰਦਾਸ

ਧਾਰੀਵਾਲ/ਬਟਾਲਾ (ਮਨਦੀਪ ਸਿੰਘ ਵਿੱਕੀ, ਤਰਲੋਕ ਬੱਗਾ)-ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਜਗਤ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਮੌਕੇ ਸਜਾਏ ਨਗਰ ਕੀਰਤਨ ਵਿੱਚ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਹਾਜ਼ਰੀ ਭਰੀ ਤੇ ਨਤਮਸਤਕ ਹੋ ਕੇ ਗੁਰੂ ਜੀ ਦਾ ਆਸ਼ੀਰਵਾਦ ਲਿਆ। ਇਸ ਮੌਕੇ ਐਡਵੋਕੈਟ ਚੇਅਰਮੈਨ ਜਗਰੂਪ ਸਿੰਘ ਸੇਖਵਾਂ, ਚੇਅਰਮੈਨ ਨਰੇਸ਼ ਗੋਇਲ ਤੇ ਅੰਮ੍ਰਿਤ ਕਲਸੀ ਵੀ ਮੌਜੂਦ ਸਨ। ਇਸ ਮੌਕੇ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਅੱਜ ਸਵੱਖਤੇ ਗੁਰਦੁਆਰਾ ਡੇਹਰਾ ਸਾਹਿਬ ਤੋਂ ਨਗਰ ਕੀਰਤਨ ਸਜਾਏ ਗਏ ਸਨ। ਉਨ੍ਹਾਂ ਨੇ ਨਗਰ ਕੀਰਤਨ ਵਿੱਚ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਹੈ। ਉਨਾਂ ਕਿਹਾ ਕਿ ਵੱਡੀ ਤਾਦਾਦ ਵਿੱਚ ਸ਼ਰਧਾਲੂ, ਗੁਰਦੁਆਰਾ ਸ੍ਰੀ ਕੰਧ ਸਾਹਿਬ ਤੇ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਦੇ ਦਰਸ਼ਨ ਕਰ ਰਹੇ ਹਨ ਅਤੇ ਨਗਰ ਕੀਰਤਨ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨਤਮਸਤਕ ਹੋ ਰਹੀਆਂ ਹਨ। ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਵੱਲੋਂ ਲੰਗਰ ਦੀ ਸੇਵਾ ਕੀਤੀ ਗਈ ਤੇ ਸਮੂਹ ਸੰਗਤਾਂ ਨੂੰ ਪਾਵਨ ਦਿਹਾੜੇ ਦੀ ਮੁਬਾਰਕਬਾਦ ਦਿੱਤੀ। ਉਨ੍ਹਾਂ ਅੱਗੇ ਕਿਹਾ ਕਿ ਸ਼ਹਿਰ ਅੰਦਰ ਵੱਖ-ਵੱਖ ਥਾਵਾਂ ਤੇ ਸੰਗਤਾਂ ਲਈ ਲੰਗਰ ਚੱਲ ਰਹੇ ਹਨ ਅਤੇ ਸੰਗਤਾਂ ਦੀ ਸਹੂਲਤ ਲਈ ਸਚਾਰੂ ਢੰਗ ਨਾਲ ਪ੍ਰਬੰਧ ਕੀਤੇ ਗਏ ਹਨ। ਇਸ ਮੌਕੇ ਰਾਕੇਸ਼ ਕੁਮਾਰ ਤੁਲੀ, ਸਿਟੀ ਪ੍ਰਧਾਨ ਆਪ, ਮਨਦੀਪ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ (ਯੂਥ ਵਿੰਗ), ਐੱਮ. ਸੀ. ਬਲਵਿੰਦਰ ਸਿੰਘ ਮਿੰਟਾ, ਐੱਮ. ਸੀ. ਸਰਦੂਲ ਸਿੰਘ, ਰਾਜੇਸ਼ ਤੁਲੀ, ਅਤਰ ਸਿੰਘ ਸੀਨੀਅਰ ਮੀਤ ਪ੍ਰਧਾਨ, ਆਸ਼ੂ ਗੋਇਲ, ਯਸ਼ਪਾਲ ਚੌਹਾਨ, ਮਨਜੀਤ ਸਿੰਘ ਭੁੱਲਰ, ਹਰਵਿੰਦਰ ਸਿੰਘ ਕਲਸੀ, ਗੁਰਪ੍ਰੀਤ ਸਿੰਘ ਰਾਜੂ, ਹਰਿੰਦਰਪਾਲ ਸਿੰਘ ਵਿਰਦੀ, ਬੰਟੀ ਟਰੋਂਡਜ਼ ਵਾਲੇ, ਅਜੇ ਕੁਮਾਰ, ਮਨਜੀਤ ਸਿੰਘ, ਗੁਰਜੀਤ ਸਿੰਘ, ਤਿਲਕ ਰਾਜ, ਜਤਿੰਦਰ ਸਿੰਘ ਸਹਿਮੀ, ਰਜਿੰਦਰ ਜੰਬਾ, ਰਣਬੀਰ ਸਿੰਘ ਗਿੱਲ, ਵਿੱਕੀ ਚੌਹਾਨ, ਪਵਨ ਕੁਮਾਰ, ਕਾਕਾ, ਮਲਕੀਤ ਸਿੰਘ, ਨਿੱਕੂ ਹੰਸ ਪਾਲ, ਗਗਨ ਬਟਾਲਾ ਤੇ ਮਾਨਕ ਮਹਿਤਾ ਆਦਿ ਹਾਜ਼ਰ ਸਨ।

ਸੜਕ ਹਾਦਸੇ 'ਚ ਮਹਿਲਾ ਅਫਸਰ ਦੀ ਮੌਤ, ਬੱਚਾ ਅਤੇ ਡਰਾਈਵਰ ਗੰਭੀਰ ਜ਼ਖਮੀ

ਗੁਰਦਾਸਪੁਰ, ਧਾਰੀਵਾਲ (ਜਨਕ ਮਹਾਜਨ/ਮਨਦੀਪ ਸਿੰਘ ਵਿੱਕੀ)-ਬੀਤੀ ਦੇਰ ਸ਼ਾਮ ਪਠਾਨਕੋਟ-ਅੰਮ੍ਰਿਤਸਰ ਨੈਸ਼ਨਲ ਹਾਈਵੇ 'ਤੇ ਇਕ ਗੱਡੀ ਦੀ ਟਰੱਕ ਨਾਲ ਟੱਕਰ ਹੋਣ ਕਰਕੇ ਗੱਡੀ ਵਿਚ ਸਵਾਰ ਇਕ ਔਰਤ ਦੀ ਮੌਤ ਅਤੇ ਦੋ ਦੇ ਗੰਭੀਰ ਰੂਪ ਵਿਚ ਜ਼ਖਮੀ ਹੋਣ ਦਾ ਸਮਾਚਾਰ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਪਠਾਨਕੋਟ ਵਿਖੇ ਆਰਮੀ ਵਿਚ ਮੇਜਰ ਰੈਂਕ 'ਤੇ ਤਾਇਨਾਤ ਇਕ ਮਹਿਲਾ ਅਧਿਕਾਰੀ ਚਿਤਰਾ ਪਾਂਡੇ ਉਮਰ ਕਰੀਬ 33 ਸਾਲ ਆਪਣੇ ਬੇਟੇ ਨਾਲ ਪਠਾਨਕੋਟ ਤੋਂ ਅੰਮ੍ਰਿਤਸਰ ਏਅਰਪੋਰਟ ਲਈ ਨਿੱਜੀ ਗੱਡੀ 'ਤੇ ਜਾ ਰਹੀ ਸੀ ਕਿ ਜਦੋਂ ਉਹ ਧਾਰੀਵਾਲ ਨਜ਼ਦੀਕ ਚੌਧਪੁਰਾ ਬਾਈਪਾਸ ਕੋਲ ਪਹੁੰਚੇ ਤਾਂ ਉਨ੍ਹਾਂ ਦੀ ਗੱਡੀ ਇਕ ਟਰੱਕ ਨਾਲ ਜਾ ਵੱਜੀ।

ਇਹ ਟੱਕਰ ਏਨੀ ਜ਼ਿਆਦਾ ਭਿਆਨਕ ਸੀ ਕਿ ਗੱਡੀ ਦੇ ਪਰਖੱਚੇ ਉਡ ਗਏ ਅਤੇ ਗੱਡੀ ਵਿਚ ਸਵਾਰ ਚਿਤਰਾ ਪਾਂਡੇ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦੋਂਕਿ ਉਸ ਦਾ ਪੁੱਤਰ ਅਤੇ ਗੱਡੀ ਦਾ ਡਰਾਈਵਰ ਗੰਭੀਰ ਜ਼ਖਮੀ ਹੋ ਗਏ।

ਜ਼ਖਮੀਆਂ ਨੂੰ 108 ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਵਿਖੇ ਪਹੁੰਚਾਇਆ ਗਿਆ ਜਿੱਥੇ ਉਹ ਜ਼ੇਰੇ ਇਲਾਜ ਹਨ।

ਮੌਕੇ 'ਤੇ ਪਹੁੰਚੀ ਪੁਲਸ ਪਾਰਟੀ ਨੇ ਗੱਡੀ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਹੈ ਜਦੋਂਕਿ ਟਰੱਕ ਚਾਲਕ ਟਰੱਕ ਲੈ ਕੇ ਮੌਕੇ ਤੋਂ ਫ਼ਰਾਰ ਹੋ ਗਿਆ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਮਨਜਿੰਦਰ ਸਿੰਘ ਸੰਧੂ ਨੇ ਜ਼ਿਲ੍ਹਾ ਖਜ਼ਾਨਾ ਦਫਤਰ ਵਿਖੇ ਬਤੌਰ ਸੁਪਰਡੰਟ ਅਹੁਦਾ ਸੰਭਾਲਿਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪੰਜਾਬ ਸਰਕਾਰ ਵਿੱਤ ਵਿਭਾਗ ਨੂੰ ਦਿੱਤੀਆਂ ਬਿਹਤਰੀਨ ਸੇਵਾਵਾਂ ਬਦਲੇ ਮਨਜਿੰਦਰ ਸਿੰਘ ਸੰਧੂ ਨੇ ਬਤੌਰ ਸੁਪਰਡੰਟ ਜ਼ਿਲਾ ਖਜਾਨਾ ਦਫਤਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਹੁਦਾ ਸੰਭਾਲਿਆ। ਸੰਧੂ ਨੇ ਸਭ ਤੋਂ ਪਹਿਲਾਂ ਬਤੌਰ ਸੂਬਾ ਜਨਰਲ ਸਕੱਤਰ ਪੰਜਾਬ ਸਟੇਟ ਖਜ਼ਾਨਾ ਕਰਮਚਾਰੀ ਐਸੋਸੀਏਸ਼ਨ ਹਰਪਾਲ ਸਿੰਘ ਚੀਮਾਂ ਮਾਨਯੋਗ ਵਿੱਤ ਮੰਤਰੀ ਪੰਜਾਬ ਅਤੇ ਵਿਭਾਗ ਦੇ ਉੱਚ ਅਧਿਕਾਰੀ ਸਹਿਬਾਨ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਇਮਾਨਦਾਰੀ, ਤਨਦੇਹੀ ਅਤੇ ਲਗਨ ਨਾਲ ਕਰਨਗੇ ਅਤੇ ਖਜ਼ਾਨਾ ਸੰਸਥਾ ਦੇ ਕੰਮ ਨੂੰ ਬਿਹਤਰ ਬਣਾਉਣ ਲਈ ਆਪਣਾ ਪੂਰਾ ਯੋਗਦਾਨ ਪਾਉਣਗੇ। ਇਸ ਮੌਕੇ ਵਧਾਈਆਂ ਦੇਣ ਵਾਲਿਆਂ 'ਚ ਅਮਨ ਕੁਮਾਰ ਮੈਣੀ ਮਾਨਯੋਗ ਡਿਪਟੀ ਕੰਟਰੋਲਰ ਵਿੱਤ ਤੇ ਲੇਖਾ, ਮੈਡਮ ਮਨਜੀਤ ਕੌਰ ਮਾਨਯੋਗ ਜ਼ਿਲਾ ਖਜਾਨਾ ਅਫਸਰ, ਸੁਖਬੀਰ ਕੌਰ ਖਜਾਨਾ ਅਫਸਰ, ਸ਼ਿਵ ਕੁਮਾਰ ਸਹਾਇਕ ਕੰਟਰੋਲਰ ਵਿੱਤ ਤੇ ਲੇਖਾ, ਸੁਰਜੀਤ ਸਿੰਘ ਸੰਧ, ਜੈਮਲ ਸਿੰਘ ਉੱਚਾ ਸੂਬਾ ਪ੍ਰਧਾਨ ਖਜਾਨਾ ਵਿਭਾਗ, ਮਨਦੀਪ ਸਿੰਘ ਚੌਹਾਨ ਸੂਬਾ ਐਡੀਸ਼ਨਲ ਜਨਰਲ ਸਕੱਤਰ, ਗੁਰਮੁੱਖ ਸਿੰਘ ਚਾਹਲ ਸੂਬਾ ਸਕੱਤਰ, ਜਗਦੀਸ਼ ਠਾਕੁਰ ਸੂਬਾ ਪ੍ਰਧਾਨ ਸਿਹਤ ਵਿਭਾਗ ਅਤੇ ਸੂਬਾ ਸਕੱਤਰ ਜਨਰਲ ਪੀਐੱਸਐੱਮਐੱਸਯੂ, ਤੇਜਿੰਦਰ ਸਿੰਘ ਢਿੱਲੋਂ ਜ਼ਿਲਾ ਪ੍ਰਧਾਨ ਸਿਹਤ ਵਿਭਾਗ, ਸਿੱਖਿਆ ਵਿਭਾਗ ਤੋਂ ਸੂਬਾਈ ਆਗੂ ਜਰਮਨਜੀਤ ਸਿੰਘ ਛੱਜਲਵੱਡੀ ਸੂਬਾ ਪ੍ਰਧਾਨ ਡੈਮੋਕ੍ਰੇਟਿਕ ਮੁਲਾਜ਼ਮ ਫਰੰਟ ਅਤੇ ਮੁੱਖ ਕਨਵੀਨਰ ਸਾਂਝਾ ਫਰੰਟ ਮੁਲਾਜ਼ਮ ਤੇ ਪੈਨਸ਼ਨਰ, ਅਸ਼ਵਨੀ ਅਵਸਥੀ ਸੂਬਾ ਵਿੱਤ ਸਕੱਤਰ ਅਤੇ ਜ਼ਿਲਾ ਪ੍ਰਧਾਨ ਡੈਮੋਕ੍ਰੇਟਿਕ ਟੀਚਰ ਫਰੰਟ, ਗੁਰਬਿੰਦਰ ਸਿੰਘ ਖਹਿਰਾ ਜਿਲਾ ਜਨਰਲ ਸਕੱਤਰ, ਰਜੇਸ਼ ਕੁਮਾਰ ਪ੍ਰਾਸ਼ਰ ਜ਼ਿਲਾ ਵਿੱਤ ਸਕੱਤਰ, ਗੁਰਪ੍ਰੀਤ ਸਿੰਘ ਰਿਆੜ ਸੂਬਾ ਪ੍ਰਧਾਨ ਮਾਸਟਰ ਕੇਡਰ ਯੂਨੀਅਨ, ਅਰਜਿੰਦਰ ਸਿੰਘ ਕਲੇਰ ਜ਼ਿਲਾ ਪ੍ਰਧਾਨ, ਗੁਰਮੇਜ ਸਿੰਘ ਜ਼ਿਲਾ ਜਨਰਲ ਸਕੱਤਰ ਅਤੇ ਸੂਬਾ ਕਮੇਟੀ ਮੈਂਬਰ, ਬਿਕਰਮਜੀਤ ਸਿੰਘ ਸ਼ਾਹ ਹੈਡਮਾਸਟਰ, ਗੁਰਪ੍ਰੀਤ ਸਿੰਘ ਲੈਕਚਰਾਰ ਸਟੇਟ ਐਵਾਰਡੀ, ਨਿਰਮਲ ਸਿੰਘ ਅਨੰਦ, ਖਜਾਨਾ ਦਫਤਰ ਤੋਂ ਸੇਵਾਮੁਕਤ ਅਧਿਕਾਰੀ ਜਗਜੀਤ ਸਿੰਘ ਜ਼ਿਲਾ ਖਜਾਨਾ ਅਫਸਰ, ਹਰਭਜਨ ਸਿੰਘ ਖਜਾਨਾ ਅਫਸਰ, ਮੁਖਤਿਆਰ ਸਿੰਘ ਪੰਨੂੰ ਸੁਪਰਡੰਟ, ਰਮੇਸ਼ ਕਪੂਰ, ਬਲਵਿੰਦਰ ਕੁਮਾਰ, ਨਰਿੰਦਰ ਸਿੰਘ, ਖਜਾਨਾ ਦਫਤਰ ਤੋਂ ਕਰਮਚਾਰੀ ਸਾਥੀ, ਮੁਨੀਸ਼ ਕੁਮਾਰ ਸ਼ਰਮਾ ਜਿਲਾ ਪ੍ਰਧਾਨ,

ਰਜਿੰਦਰ ਸਿੰਘ ਮੱਲੀ ਜ਼ਿਲਾ ਜਨਰਲ ਸਕੱਤਰ, ਸੰਦੀਪ ਅਰੋੜਾ ਅਤੇ ਸ਼ਮਸ਼ੇਰ ਸਿੰਘ ਅਜਨਾਲਾ ਸੀਨੀਅਰ ਮੀਤ ਪ੍ਰਧਾਨ, ਗੌਰਵ ਪੁਰੀ ਖਜਾਨਾ ਅਫਸਰ ਬਾਬਾ ਬਕਾਲਾ, ਤਰਮਿੰਦਰਜੀਤ ਸਿੰਘ ਸ਼ੇਰਗਿੱਲ, ਤੇਜਿੰਦਰ ਸਿੰਘ ਛੱਜਲਵੱਡੀ, ਬਲਜਿੰਦਰ ਸਿੰਘ, ਸੁਰਿੰਦਰ ਸਿੰਘ, ਨਾਨਕ ਸਿੰਘ, ਬਲਦੀਪ ਸਿੰਘ, ਮੈਡਮ ਪ੍ਰੋਮਿਲਾ ਕੁਮਾਰੀ, ਕਿਰਨਦੀਪ ਕੌਰ, ਸ਼ੁਭਦੇਸ਼ ਕੌਰ, ਗੁਰਜੀਤ ਕੌਰ, ਨੇਹਾ ਸ਼ਰਮਾ, ਸੁਨੀਲ ਕੁਮਾਰ, ਸੁਰਜੀਤ ਸਿੰਘ, ਕਰਮ ਸਿੰਘ, ਹਰਜਿੰਦਰ ਸਿੰਘ, ਸੋਨੂੰ ਸ਼ਰਮਾ ਆਦਿ ਹਾਜ਼ਰ ਸਨ। ਵਧਾਈਆਂ ਦੇਣ ਆਏ ਵੱਖ-ਵੱਖ ਭਰਾਤਰੀ ਜਥੇਬੰਦੀਆਂ ਦੇ ਆਗੂ ਸਹਿਬਾਨ ਦਾ ਜੈਮਲ ਸਿੰਘ ਉੱਚਾ ਸੂਬਾ ਪ੍ਰਧਾਨ ਖਜ਼ਾਨਾ ਵਿਭਾਗ ਵੱਲੋਂ ਧੰਨਵਾਦ ਕੀਤਾ ਗਿਆ।

ਕਿਸਾਨ ਸਿਖਲਾਈ ਕੈਂਪ 26 ਨੂੰ

ਗੁਰਦਾਸਪੁਰ (ਜਨਕ ਮਹਾਜਨ)-ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਲੋਂ ਕਿਸਾਨਾਂ ਨੂੰ ਹਾੜ੍ਹੀ ਦੀਆਂ ਫਸਲਾਂ ਦੀ ਜਾਣਕਾਰੀ ਦੇਣ ਲਈ ਮਿਤੀ 26 ਸਤੰਬਰ ਨੂੰ ਸਵੇਰੇ 10 ਵਜੇ ਦਾਣਾ ਮੰਡੀ ਗੁਰਦਾਸਪੁਰ ਵਿਖੇ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ ਗੁਰਦਾਸਪੁਰ ਡਾ. ਕ੍ਰਿਪਾਲ ਸਿੰਘ ਢਿੱਲੋਂ ਨੇ ਦੱਸਿਆ ਕਿ ਇਸ ਕਿਸਾਨ ਮੇਲੇ ਦੀ ਪ੍ਰਧਾਨਗੀ ਡਾ. ਹਿਮਾਂਸ਼ੂ ਅਗਰਵਾਲ, ਡਿਪਟੀ ਕਮਿਸ਼ਨਰ ਗੁਰਦਾਸਪੁਰ ਕਰਨਗੇ। ਉਨ੍ਹਾਂ ਕਿਹਾ ਕਿ ਇਸ ਕੈਂਪ ਦੇ ਮੁੱਖ ਮਹਿਮਾਨ ਐਡਵੋਕੇਟ ਅਮਰਪਾਲ ਸਿੰਘ, ਵਿਧਾਇਕ ਸ੍ਰੀ ਹਰਗੋਬਿੰਦਪੁਰ ਸਾਹਿਬ, ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਿਧਾਇਕ ਬਟਾਲਾ, ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ, ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਅਤੇ ਪਨਸਪ ਦੇ ਚੇਅਰਮੈਨ ਬਲਬੀਰ ਸਿੰਘ ਪੰਨੂ ਹੋਣਗੇ। ਮੁੱਖ ਖੇਤੀਬਾੜੀ ਅਫ਼ਸਰ ਨੇ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਕਿਸਾਨ ਸਿਖਲਾਈ ਕੈਂਪ ਵਿੱਚ ਪਹੁੰਚ ਕੇ ਮਾਹਿਰਾਂ ਕੋਲੋਂ ਹਾੜੀ ਦੀਆਂ ਫਸਲਾਂ ਸਬੰਧੀ ਜਾਣਕਾਰੀ ਹਾਸਲ ਕਰਨ।

ਜ਼ਿਲ੍ਹਾ ਗਤਕਾ ਐਸੋਸੀਏਸ਼ਨ ਗੁਰਦਾਸਪੁਰ ਵੱਲੋਂ ਵਿਰਸਾ ਸੰਭਾਲ ਗੱਤਕਾ ਕੱਪ ਆਯੋਜਿਤ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਜਗਤ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਮੌਕੇ ਗੱਤਕਾ ਫੈਡਰੇਸ਼ਨ ਆਫ ਇੰਡੀਆ ਅਤੇ ਪੰਜਾਬ ਗਤਕਾ ਐਸੋਸੀਏਸ਼ਨ ਦੀ ਅਗਵਾਈ ਹੇਠ ਜ਼ਿਲ੍ਹਾ ਗਤਕਾ ਐਸੋਸੀਏਸ਼ਨ ਗੁਰਦਾਸਪੁਰ ਵੱਲੋਂ ਵਿਰਸਾ ਸੰਭਾਲ ਗੱਤ

ਬਾਬਾ ਸ਼ੇਖ਼ ਫ਼ਰੀਦ ਜੀ ਦੇ ਆਗਮਨ ਪੁਰਬ ਦੇ ਸਬੰਧ ਵਿੱਚ ਫ਼ਰੀਦਕੋਟ ਤੋਂ ਐਲਿਗਜੈਂਡਰ ਡਿਸੂਜਾ ਦਾ ਵਿਸ਼ੇਸ਼ ਸਪਲੀਮੈਂਟ

ਸ. ਕੁਲਤਾਰ ਸਿੰਘ ਸੰਧਵਾਂ, ਮਾਨਯੋਗ ਸਪੀਕਰ ਵਿਧਾਨ ਸਭਾ
ਸ. ਗੁਰਦਿੱਤ ਸਿੰਘ ਸੇਖੋਂ, ਐਮ.ਐਲ.ਏ., ਫ਼ਰੀਦਕੋਟ
ਸ. ਗੁਰਤੇਜ ਸਿੰਘ ਖੋਸਾ, ਚੇਅਰਮੈਨ, ਇੰਪਰੂਵਮੈਂਟ ਟਰੱਸਟ, ਫ਼ਰੀਦਕੋਟ
ਸ.ਅਮਨਦੀਪ ਸਿੰਘ ਬਾਬਾ, ਚੇਅਰਮੈਨ, ਮਾਰਕੀਟ ਕਮੇਟੀ, ਫ਼ਰੀਦਕੋਟ
ਪ੍ਰੋ.(ਡਾ.) ਰਾਜੀਵ ਸੂਦ, VC,BFUHS ਫਰੀਦਕੋਟ
ਸ੍ਰੀ ਵਿਨੀਤ ਕੁਮਾਰ, DC, ਫਰੀਦਕੋਟ
ਸ੍ਰੀ ਅਜੇ ਮਲੂਜਾ, ਡੀ.ਆਈ.ਜੀ., ਫਰੀਦਕੋਟ
ਸ. ਹਰਜੀਤ ਸਿੰਘ, SSP, ਫਰੀਦਕੋਟ
ਐਡਵੋਕੇਟ ਭੂਸ਼ਨ ਬਾਂਸਲ, ਮੀਤ ਪ੍ਰਧਾਨ ਬੀ.ਜੇ.ਪੀ., ਫ਼ਰੀਦਕੋਟ
ਸ੍ਰੀ ਕੁਲਭੂਸ਼ਨ ਰਾਏ ਭੂਸ਼ੀ, ਸਾ. ਚੇਅਰਮੈਨ ਮਾਰਕੀਟ ਕਮੇਟੀ, ਫ਼ਰੀਦਕੋਟ
ਸ੍ਰੀ ਮਹਿੰਦਰ ਬਾਂਸਲ, ਸਮਾਜਸੇਵੀ
ਸ੍ਰੀ ਅਰਸ਼ ਸੱਚਰ, ਐਮ.ਡੀ., ਸਾਹ ਹਵੇਲੀ, ਫ਼ਰੀਦਕੋਟ
ਸ੍ਰੀ ਅਰਵਿੰਦ ਛਾਬੜਾ, ਪ੍ਰਧਾਨ, ਰੋਟਰੀ ਕਲੱਬ, ਫ਼ਰੀਦਕੋਟ
ਸ੍ਰੀ ਮਨਪ੍ਰੀਤ ਸਿੰਘ ਬਰਾੜ, ਸੈਕ.ਰੋਟਰੀ ਕਲੱਬ, ਫ਼ਰੀਦਕੋਟ
ਡਾ.ਸੰਜੀਵ ਗੋਇਲ, ਅੱਖਾਂ ਦੇ ਮਾਹਿਰ, ਫ਼ਰੀਦਕੋਟ
ਡਾ. ਬਲਜੀਤ ਸ਼ਰਮਾਂ, ਸਮਾਜਸੇਵੀ
ਹਾਜ਼ੀ ਦਿਲਾਵਰ ਹੁਸੈਨ, ਸਮਾਜਸੇਵੀ
ਅਤੁਲ ਗੋਇਲ, ਅੰਜਲੀ ਲੈਬ,ਫ਼ਰੀਦਕੋਟ
ਭਵੇਸ਼ ਦਾਸ, ਚੀਫ਼ ਮੈਨੇਜਰ, ਕੇਨਰਾ ਬੈਂਕ
ਗਗਨਦੀਪ ਸਿੰਘ, ਸਮਾਜਸੇਵੀ
ਅਮਨਦੀਪ ਸਿੰਘ, ਸਮਾਜਸੇਵੀ
ਧਰਮਪਾਲ ਬਾਵਾ, ਸਮਾਜਸੇਵੀ
ਸ਼੍ਰੀ ਗੌਰਵ ਕੱਕੜ, ਹਲਕਾ ਇੰਚਾਰਜ, ਬੀ.ਜੇ.ਪੀ. ਫ਼ਰੀਦਕੋਟ
ਸ਼੍ਰੀ ਗਗਨ ਸੁਖੀਜਾ, ਐਡਵੋਕੇਟ
ਸੁਨੀਲ ਜੈਨ, ਸਮਾਜਸੇਵੀ
ਸੋਨੂੰ ਰਾਜਪਾਲ, ਸਮਾਜਸੇਵੀ
ਡਾ. ਕਪਿਲ ਬਾਂਸਲ, ਆਰਥੋ ਵਿਭਾਗ, ਗੁ.ਗੋ.ਮੈ.ਹ.ਫ਼ਰੀਦਕੋਟ
ਡਾ. ਕਿਰਨਜੀਤ ਕੌਰ, ਗੁ.ਗੋ.ਮੈ.ਹ.ਫ਼ਰੀਦਕੋਟ

ਡਾ. ਪ੍ਰਦੀਪ ਗਰਗ, ਗੁ.ਗੋ.ਮੈ.ਹ.ਫਰੀਦਕੋਟ
ਗੁਰਦੀਪ ਸਿੰਘ ਮਾਨ, ਡੀ.ਪੀ.ਆਰ.ਓ. ਫਰੀਦਕੋਟ
ਅਮਰਿੰਦਰ ਸਿੰਘ, ਈ.ਓ. ਫਰੀਦਕੋਟ
ਪ੍ਰਮੋਦ ਨਾਗਪਾਲ, ਫਰੀਦਕੋਟ
ਸੁਲੇਮਾਨ ਠੇਕੇਦਾਰ
ਅਭਿਸ਼ੇਕ ਐਲਿਗਜੈਂਡਰ, ਫਰੀਦਕੋਟ

ਬਾਬਾ ਸ਼ੇਖ਼ ਫ਼ਰੀਦ ਜੀ ਦੇ ਆਗਮਨ ਪੁਰਬ ਦੀਆਂ ਲੱਖ ਲੱਖ ਵਧਾਈਆਂ ! !
GREEN FARIDKOT - CLEAN FARIDKOT
ਨਗਰ ਕੌਂਸਲ ਫਰੀਦਕੋਟ ਵੱਲੋਂ ਆਪ ਜੀ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਬਾਬਾ ਫਰੀਦ ਦੇ ਆਗਮਨ ਪੁਰਬ ਤੇ ਸ਼ਹਿਰ ਨੂੰ ਸਾਫ-ਸੁੱਥਰਾ ਰੱਖਣ ਦਾ ਪ੍ਰਣ ਕਰੀਏ । ਸ਼ਹਿਰ ਵਿੱਚ ਡਿਸਪੋਜ਼ਲ ਤੇ ਪਲਾਸਟਿਕ ਦੇ ਲਿਫਾਫਿਆਂ ਵਰਤੋਂ ਨਾਂ ਕੀਤੀ ਜਾਵੇ। ਨਗਰ ਕੌਂਸਲ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਤੋਂ ਬਾਅਦ ਕੋਈ ਵੀ ਸੜਕ ਜਾਂ ਸੀਵਰੇਜ ਲਈ ਸੜਕ ਦੀ ਤੋੜ-ਭੰਨ ਨਾ ਕੀਤੀ ਜਾਵੇ। ਸ਼ਹਿਰ ਨੂੰ ਸਾਫ ਸੁੱਥਰਾ ਰੱਖਣ ਲਈ ਸਹਿਯੋਗ ਕੀਤਾ ਜਾਵੇ।
ਧੰਨਵਾਦ ਸਹਿਤ !
ਅਮਰਿੰਦਰ ਸਿੰਘ, ਈ.ਓ., ਨਗਰ ਕੌਂਸਲ, ਫ਼ਰੀਦਕੋਟ
ਨਗਰ ਕੌਂਸਲ, ਫ਼ਰੀਦਕੋਟ
ਨਰਿੰਦਰਪਾਲ ਸਿੰਘ ਨਿੰਦਾ, ਪ੍ਰਧਾਨ, ਨਗਰ ਕੌਂਸਲ, ਫ਼ਰੀਦਕੋਟ

94789-12783
99885-62783
D.Hussain Jewellers
Gold, Silver & Sami Diamond, Gold Plating & Artificial Jewelry etc.
MAIN BAZAR, FARIDKOT - 151203

A Step towards bright Future
BABA BANDA BAHADUR GROUP OF COLLEGES
ਬਾਬਾ ਬੰਦਾ ਬਹਾਦੁਰ ਕਾਲਜ ਆਫ਼ ਐਜੂਕੇਸ਼ਨ
Course:- E.T.T/(D.El.Ed.) & B.Ed
Affiliated to : Pb. Govt., NCTE & SCERT Mohall
ਬਾਬਾ ਬੰਦਾ ਬਹਾਦੁਰ ਕਾਲਜ ਆਫ਼ ਨਰਸਿੰਗ
(Approved By: Govt.of Punjab. Recognised By PNRC Chandigarh, INC Delhi, Affiliated to : BFUHS Fdk.)
Courses:-
B.Sc. Nursing
G.N.M. Course
A.N.M. Course
Post Basic B.Sc. Nursing
Virewala Road, FARIDKOT
Contact : 01639-210666 (O), M. 94175-14795, 97790-21223, 25

WADHWA CAREER INSTITUTE
IIT-JEE • NEET • FOUNDATION • OLYMPIADS • BOARD
WINSAT
SAURABH NEET 641 / 720
JANNATVEER IIT MADRAS
AYUSH BITS PILANI
15 Oct 2023 (Sunday)
SCHOLARSHIP CUM ADMISSION TEST
8th To 11th STUDYING STUDENTS
91156-96590, 99883-05200
Near Caltex Pump, Buss Stand, FARIDKOT

ਸ਼ੇਖ ਫਰੀਦ ਵੋਕੇਸ਼ਨਲ ਸੈਂਟਰ
SFVC SHEIKH FARID VOCATIONAL CENTRE
DR. VIVEK BINDRA
INDIA'S BEST INSTITUTE AWARD 2023 AT MUMBAI
ALL COMPUTER COURSE
120 Hours Computer Course For All Govt. Jobs
ACCOUNTS | ADCA
Spoken English
VOCATIONAL COURSES
All Govt. Exams BANK | PO | SSC
10ਵੀਂ ਅਤੇ 12ਵੀਂ ਓਪਨ ਸਕੂਲ ਰਾਹੀਂ ਪਾਸ ਕਰੋ।
ਸ. ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈਲਫੇਅਰ ਸੁਸਾਇਟੀ, ਫਰੀਦਕੋਟ
M: 98786-52453, 01639-501180, 90419-00667

Estb. 1993
BABA FARID PUBLIC SCHOOL FARIDKOT
OUR INSPIRATION
S. INDERJIT SINGH
Under the guidance of Worthy Chairman S. Inderjit Singh Khalsa Ji Baba Farid Institutions are achieving the zenith.
Congratulations on BABA FARID AAGMAN PURB 2023
Rating AAA + among the Best School in India
Awards
*Best Academic Performance – 2021(State Level)
*Dynamic Principal – 2021 & 2022(State & National Level)
*Best Teacher Awards – 3(National Level)
96 Rashtrapati Awards in Scouts & Guides
4th Rank in India with 99.2% X CBSE Board Exams honoured by Hon'ble Prime Minister of India at Red Fort, New Delhi
International & National Winners in Lawn Tennis, Wrestling, Basketball, Shooting, Athletics, Swimming, Hockey, Throw ball, Taekwondo
NCC Pioneer in city schools of CBSE
In short span of journey our many scholars excelled in:- IAS, PCS, NEET, IITANS, CA, NDA & Well settled in International Countries.
Kuldeep Kaur Principal
Excellence is our Bottom Line.
Contact us: 01639-21102 9875918702 babafaridpublicschoolfaridkot.org babafaridpublicschool2 BabaFaridPublicSchool ps06@yahoo.com

SUKHBIR SINGH SACHDEVA MANAGING DIRECTOR
DEVJEET SINGH MANAGING DIRECTOR
DASTAN HOTEL
SUBWAY BARISTA
BREAKFAST-LUNCH-DINNER
SPECIAL ARRANGEMENTS FOR MARRIAGE JAGGO, RING CEREMONY & CATERING AVAILABLE
HOTEL DASTAN KOTKAPURA ROAD FARIDKOT
CONTACT 9193600040-9193400040

ਬਾਬਾ ਸ਼ੇਖ ਫਰੀਦ ਜੀ ਦੇ ਆਗਮਨ ਪੁਰਬ ਦੀ ਲੱਖ ਲੱਖ ਵਧਾਈ ਹੋਵੇ
ਬਾਬਾ ਸ਼ੇਖ ਫਰੀਦ ਜੀ ਦੇ ਆਗਮਨ ਪੁਰਬ ਦੀ ਲੱਖ-ਲੱਖ ਵਧਾਈ
ਇੰਜੀ. ਚਮਨ ਲਾਲ ਗੁਲਾਟੀ, ਫਰੀਦਕੋਟ, Mob : 9216450161
ਪੰਕਜ ਚਾਵਲਾ (ਐਮ.ਬੀ.ਏ.), ਫਰੀਦਕੋਟ, Mob : 9216450161
ਇੰਜੀ. ਮਨੀਸ਼ ਗੁਲਾਟੀ, ਬੀ.ਐਸ.ਸੀ (ਸੀ.ਐਸ.ਸੀ)ਗੋਲਡ ਮੈਡਲਿਸਟ, ਸੀ.ਈ.ਓ, ਕੇ- ਫਾਊਡਰ ਚੰਡੀਗੜ, Mob : 9501423775
ਸਵਿਤਾ ਗੁਲਾਟੀ, ਫਰੀਦਕੋਟ, Mob : 9216450162
Mount Litera Zee School
Er. Chaman Lal Gulati Chairman (9417250161)
Pankaj (MBA) Director (9417050874)
OFFERING FREE BOOK SET AND BAG TO FIRST - 30 PRE NURSERY ADMISSIONS

OVERSEAS EDUCATION
INDO-CANADIAN
To Delhi Airport
INR 2200/-
BOOK NOW
98777-76772
98777-70238
Samra Complex, College Road, Faridkot- 151203

MASTERS WORLD
IMMIGRATION CONSULTANT
MAY BE YOU !
IELTS PTE STUDY VISA
SPOKEN ENGLISH VISITOR VISA
1st Floor, Samra Complex, Above LC, Jubilee Cinema Chowk, Faridkot
Contact : 01639-500100
H.Office : Galib Complex, Jagraon

ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਗੋਲੇਵਾਲਾ ਵੱਲੋਂ 12ਵੀਂ ਸਦੀ ਦੇ
ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫ਼ਰੀਦ ਜੀ
ਦੇ ਆਗਮਨ ਪੁਰਬ ਦੀ ਸਮੂਹ ਬਾਬਾ ਫਰੀਦ ਨਾਮ-ਲੇਵਾ ਅਤੇ ਫਰੀਦਕੋਟ ਨਿਵਾਸੀਆਂ ਨੂੰ ਲੱਖ-ਲੱਖ ਵਧਾਈ ਹੋਵੇ ਜੀ।
ਸ੍ਰ. ਗੁਰਚਰਨ ਸਿੰਘ (ਚੇਅਰਮੈਨ)

S.K. INDUSTRIES
Sadiq Road, Faridkot
GANPATI AGROTECH
Sadiq Road, Faridkot
ਰਾਜਪਾਲ ਮੋਂਗਾ ਸੋਨੂੰ ਮੋਂਗਾ
ਰਾਜਪਾਲ ਐਂਡ ਕੰਪਨੀ, ਫਰੀਦਕੋਟ

केनरा बैंक Canara Bank
A Government of India Undertaking
Together We Can
Canara PREMIUM PAYROLL ACCOUNT
You Deserve The Best
TERM INSURANCE with salary package
Personal and Air accident COVER
OFFERS on card-based transactions.
ZERO service charges
ADVANCE Salary Facility
REWARD points on debit/ credit card spends
Processing charge CONCESSION in loans
4 VARIANTS BASED ON SALARY
PLATINUM ₹ 1,50,000/- and above
DIAMOND ₹ 1,00,000/- upto ₹ 1,50,000/-
GOLD ₹ 50,000/- upto ₹ 1,00,000/-
SILVER Upto ₹ 50,000/-
TO EXPLORE, SCAN THIS
canarabank canarabankofficial canarabankinsta
Call Canara 1800 1030 www.canarabank.com

ASSOCIATED WITH CRL Diagnostics
NABL ACCREDITED LAB
ਅੰਜਲੀ ਲੈਬ
WELLNESS PACKAGES

WELLNESS AL 1.1	WELLNESS AL 1.2	WELLNESS AL 1.3	WELLNESS AL 1.4
Complete Blood Count (CBC)	Complete Blood Count (CBC)	Complete Blood Count (CBC)	Complete Blood Count (CBC)
ESR	ESR	ESR	ESR
Glucose Sugar Test	HbA1c Test	HbA1c Test	HbA1c Test
Uric Acid	Glucose Sugar Test	Glucose Sugar Test	Glucose Sugar Test
Calcium	Uric Acid	Uric Acid	Uric Acid
Liver Function Test(LFT) +GGT	Calcium	Calcium	Calcium
Kideny Function Test	Liver Function Test(LFT) +GGT	Liver Function Test(LFT) +GGT	Liver Function Test(LFT) +GGT
Electrolytes Test	Kideny Function Test	Kideny Function Test	Kideny Function Test
Lipid Profile	Electrolytes Test	Electrolytes Test	Electrolytes Test
Thyroid Profile(T3,T4,TSH)	Lipid Profile	Lipid Profile	Lipid Profile
Urine Examination Routine	Iron Profile Test	Iron Profile Test	Iron Profile Test
	Thyroid Profile(T3,T4,TSH)	Thyroid Profile(T3,T4,TSH)	Thyroid Profile(T3,T4,TSH)
	Urine Examination Routine	Urine Examination Routine	Urine Examination Routine
		Vitamin B12	Vitamin B12
		Vitamin D3 23 Hydroxy	Vitamin D3
			RA Quantitative
			CRP Quantitative
₹ @999/-	₹ @1299/-	₹ @1799/-	₹ @1999/-

Complete Blood Count (CBC) 90/-
Glucose Sugar Test 10/-
Uric Acid 50/-
Liver Function Test(LFT) +GGT 200/-
Kideny Function Test with Electrolytes 250/-
Thyroid Profile(T3,T4,TSH) 200/-
ਹੋਰ ਕੋਈ ਵੀ ਖ਼ੂਨ ਅਤੇ ਪਿਸ਼ਾਬ ਦੇ ਟੈਸਟ ਕਰਵਾਓਣ ਤੇ ਪਾਓ 50* ਤੋਂ 60* ਛੋਟ
ਨੋਟ: ਕੋਈ ਵੀ ਹੈਲਥ ਪੈਕੇਜ ਕਰਵਾਉਣ ਤੇ ਪਾਓ NABL ਲੈਬ ਤੋਂ ਮਾਨਤਾ ਪ੍ਰਾਪਤ ਰਿਪੋਰਟ
ਅੰਜਲੀ ਲੈਬ, ਦੁਕਾਨ ਨੰ: 16, ਸਾਦਿਕ ਰੋਡ, ਫ਼ਰੀਦਕੋਟ
M. 88473-86338, 62842-75975

Pelican Plaza
Factory Outlet & Food Court
Now Open
FARIDKOT
ਅਗਰ ਆਪ ਕਮ ਖ਼ਰਚੇ ਮੇਂ ਦੇਖਨਾ ਚਾਹਤੇ ਹੋ TV ਤੋ ਲਗਵਾਓ Dish TV
1000 ਰੂਪਏ ਲੇਕਰ ਆਓ ਔਰ ਡਿਸ਼ ਲਗਵਾਓ
ਬੰਦ ਕਰਵਾਨੇ ਪਰ 800/- ਰੂਪਏ ਵਾਪਸ ਪਾਏ
ਔਰ ਕੰਪਨੀਓ ਕੀ ਲੂਟ ਸੇ ਬਚੋ Dish TV ਲਗਵਾਏ
ਪੈਸੇ ਕਮ ਮਨੋਰੰਜਨ ਜ਼ਯਾਦਾ
ਸਭੀ ਭਾਸ਼ਾ ਕੇ ਚੈਨਲ ਹਮਾਰੇ ਪਾਸ ਉਪਲਬ੍ਧ ਹੈ
ਸਭੀ ਮਨਪਸੰਦ ਕੇ ਹਿੰਦੀ ਚੈਨਲ
SD ਚੈਨਲ ਕੇਵਲ 280* ਰੂ ਮੇਂ ਪਾਏ
HD ਚੈਨਲ ਕੇਵਲ 350* ਰੂ ਮੇਂ ਪਾਏ
ਅੰਜਲੀ ਲੈਬ ਦੁਕਾਨ ਨ: 16, ਸਾਦਿਕ ਰੋਡ, ਫਰੀਦਕੋਟ 95925-06219

M/S. AMAR NATH JAIN AND SONS
ROYALE LUXURY EMULSION, ULTIMA EXTERIOR EMULSION, APEX PREMIUM EMULSION, ACE, PRIMERS, WALL PUTTY, ENAMEL, PU POLISH MATERIAL. SILK GLAMOUR, EASY CLEAN, LONG LIFE FLEXO, ANTI DUST, WALMASTA EMULSION, PRIMERS, ENAMEL EACH & EVERY PRODUCT OF ASIAN PAINTS, BERGER PAINTS, DULUX PAINTS, SIRCA, FOREVER AND MANY MORE BRANDS.
ਇੱਥੇ ਹਰ ਤਰ੍ਹਾਂ ਦੇ ਕੰਪਿਊਟਰ ਕੰਡੇ ਅਤੇ ਵੱਟੇ ਵੀ ਮਿਲਦੇ ਹਨ
LINE BAZAR CHOWK, FARIDKOT
9915400069, 7888408351, 9815160712.

ਧੰਨਵਾਦ

ਬਾਬਾ ਸ਼ੇਖ਼ ਫ਼ਰੀਦ ਦੀ ਆਗਮਨ ਪੁਰਬ-2023 ਤੇ ਸਪਲੀਮੈਂਟ ਕੱਢਣ ਲਈ ਸਹਿਯੋਗ ਦੇਣ ਵਾਲੇ ਸੱਜਣਾਂ ਦਾ ਧੰਨਵਾਦ, ਉਮੀਦ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਮੈਨੂੰ ਇਸੇ ਤਰਾਂ ਸਹਿਯੋਗ ਦਿਉਗੇ ।

M. 94633-50837 ਐਲਿਗਜ਼ੈਂਡਰ ਡਿਸੂਜਾ, ਪੱਤਰਕਾਰ